# ਸਾਂਝੀ ਵਿਰਾਸਤ

ਅੰਕ 47 ਜਿਲਦ 4

1 ਮੱਘਰ 557 ( 14 ਨਵੰਬਰ 2025 )

ਵਿਸ਼ੇਸ਼ ਅੰਕ - ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁਤੀ ਸ਼ਹਾਦਤ ਨੂੰ ਸਮਰਪਿਤ



## ਸਾਂਝੀ ਵਿਰਾਸਤ (Shared Heritage)

## ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ

## ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

# ਵਿਸ਼ਾ ਸੂਚੀ

(1-ਮੱਘਰ 557 / 14-ਨਵੰਬਰ 2025 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਗੁਰੂ ਤੇਗ ਬਹਾਦਰ ਜੀ ਦਾ ਆਰੰਭਕ ਜੀਵਨ | ਸਰਦਾਰਨੀ ਅਮ੍ਰਿਤਪਾਲ ਕੌਰ | 7 |
| 5. | ਕਹੁ ਨਾਨਕ ਹਰਿ ਭਜੁ ਮਨਾ | ਸਰਦਾਰਨੀ ਕਿਰਪਾਲ ਕੌਰ | 10 |
| 6. | ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਲਾਸਾਨੀ ਕਿਵੇਂ | ਸਰਦਾਰਨੀ ਗੁਰਨਾਮ ਕੌਰ | 13 |
| 7. | ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਸਮਾਜਿਕ ਪ੍ਰਭਾਵ | ਸਰਦਾਰਨੀ ਗੁਰਚਰਨ ਕੌਰ ਥਿੰਦ | 17 |
| 8. | ਗੁਰੂ ਤੇਗ ਬਹਾਦਰ ਜੀ ਦਾ ਜੀਵਨ ਸੰਦੇਸ਼ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 21 |
| 9. | ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਲੋਕ-ਮਾਨਸਿਕਤਾ ਉੱਤੇ ਅਸਰ | ਸਰਦਾਰਨੀ ਡਾ. ਬਲਿੰਵਿੰਦਰ ਕੌਰ ਬਰਾੜ | 26 |
| 10 | ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿੱਚ ਮਾਨਵੀ ਵਿਕਾਸ ਪ੍ਰਕਿਰਿਆ | ਸਰਦਾਰ ਬਲਵਿੰਦਰ ਪਾਲ ਸਿੰਘ’ | 30 |
| 11. | ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਅਤੇ ਨੀਸਾਣੁ | ਸਰਦਾਰ ਜਸਵਿੰਦਰ ਸਿੰਘ ‘ਰੁਪਾਲ’ | 35 |
| 12. | ਗੁਰੂ ਤੇਗ ਬਹਾਦਰ ਜੀ ਦਾ ਫ਼ਲਸਫ਼ਾ | ਕਰਨਲ ਸ੍ਰ. ਦਲਵਿੰਦਰ ਸਿੰਘ ਗ੍ਰੇਵਾਲ | 41 |
| 13. | ਗੁਰੂ ਤੇਗ ਬਹਾਦਰ: ਸਰਬ ਸ੍ਰਿਸ਼ਟੀ ਦੀ ਚਾਦਰ | ਡਾ. ਸਰਦਾਰ ਕਾਬਲ ਸਿੰਘ | 43 |
| 14. | ਮੇਰਾ ਵੈਦੁ ਗੁਰੂ ਗੋਵਿੰਦਾ | ਡਾ. ਸਰਦਾਰ ਕਾਲਾ ਸਿੰਘ | 46 |
| 15. | ਨਉਨਿਧਿ ਦੇ ਸੰਕਲਪ ਦੀ ਸਿਰਜਣਾ ਤੇ ਸੰਚਾਰ | ਸਰਦਾਰਨੀ ਡਾ. ਭੁਪਿੰਦਰ ਕੌਰ ਕਵਿਤਾ | 0 |
| 16. | ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਰਾਮਾਤਾਂ ਤੋਂ ਉਪਰ ਸੀ | ਸਰਦਾਰਨੀ ਬ੍ਰਿਜਮਿੰਦਰ ਕੌਰ | 53 |
| 17. | ਨਿਡਰਤਾ ਦੇ ਪ੍ਰਤੀਕ - ਗੁਰੂ ਤੇਗ ਬਹਾਦਰ ਜੀ | ਡਾ. ਸਰਦਾਰ ਦੇਵਿੰਦਰ ਪਾਲ ਸਿੰਘ | 54 |
| 18. | ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਅੰਤਰ-ਰਾਂਸ਼ਟ੍ਰੀ ਕਵੀ ਦਰਬਾਰ | ਈ-ਦੀਵਾਨ ਕੈਲਗਰੀ ਵਲੋਂ (ਗੁਰੂ ਜੀ ਦੇ 350-ਸਾਲਾ ਸ਼ਹੀਦੀ ਦਿਨ ਤੇ) | 56 |
| 19. | ਤਿਆਗ ਅਤੇ ਆਸ਼ਾਵਾਦਕ ਜੀਵਨ ਵਾਲੇ ਗੁਰੂ ਜੀ | ਪ੍ਰੋਫੈਸਰ ਸੁਰਜੀਤ ਸਿੰਘ ਭੱਟੀ | 58 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 60 |

# ਸੰਪਾਦਕੀ ਨੋਟ

**ਮੂਲ ਨਾਨਕਸ਼ਾਹੀ ਕੈਲੰਡਰ** ਅਨੁਸਾਰ ਮੱਘਰ ਦਾ ਮਹੀਨਾ ਹਮੇਸ਼ਾਂ 14 ਨੰਵਬਰ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ (ਪ੍ਰਚਲਿਤ ਅੰਗਰੇਜ਼ੀ ਮਹੀਨਿਆਂ ਵਿਚ ਵੀ) ਬਦਲਦੀਆਂ ਨਹੀਂ। 24 ਨਵੰਬਰ (1675) ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰ-ਗੱਦੀ ਦਿਵਸ ਅਤੇ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਗੁਰਪੁਰਬ ਦੁਨੀਆਂ ਭਰ ਵਿਚ ਬਹੁਤ ਸਤਿਕਾਰ ਸਹਿਤ ਮਨਾਇਆ ਜਾਂਦਾ ਹੈ।

"ਸਾਂਝੀ ਵਿਰਾਸਤ" ਦਾ ਇਹ ਅੰਕ, ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੇ, ਗੁਰੂ ਤੇਗ ਬਹਾਦਰ ਸਾਹਿਬ ਦੇ ਅਦੁਤੀ ਬਲਿਦਾਨ ਦੇ ਸਤਿਕਾਰ ਵਿਚ ਸਮਰਪਿਤ ਕੀਤਾ ਜਾ ਰਿਹਾ ਹੈ।

ਸਾਰੇ ਲੇਖਕਾਂ, ਐਡੀਟੋਰੀਅਲ ਬੋਰਡ ਮੈਂਬਰਾਂ ਅਤੇ ਸਲਾਹਕਾਰਾਂ ਦਾ ਧਨੰਵਾਦ ਹੈ। ਖਾਸ ਤੌਰ ਤੇ ਸਰਦਾਰ ਜਸਵਿੰਦਰ ਸਿੰਘ ਰੂਪਾਲ ਦਾ ਜਿੰਨਾ ਨੇ ਇਸ ਵਿਸ਼ੇਸ਼ ਉਪਰਾਲੇ ਨੂੰ ਸਫਲ ਕਰਨ ਲਈ ਐਡੀਟੋਰੀਅਲ ਬੋਰਡ ਨੂੰ ਬਹੁਤ ਸਮਾ ਅਤੇ ਸਹਿਯੋਗ ਦਿੱਤਾ।

ਨਵੰਬਰ ਵਿਚ ਕੁਝ ਹੋਰ ਮੱਹਤਵਪੂਰਣ ਦਿਨ ਅੰਤਰ-ਰਾਸ਼ਟ੍ਰੀ ਪੱਧਰ ਤੇ ਮਨਾਏ ਜਾਂਦੇ ਹਨ।

**1 ਨਵੰਬਰ : ਅੰਤਰ-ਰਾਸ਼ਟ੍ਰੀ ਵੀਗਨ ਦਿਨ** (*Vegan Day*) ਤਾਕਿ ਲੋਕਾਂ ਨੂੰ ਇਸ ਕਿਸਮ ਦੇ ਭੋਜਨ ਦੇ ਲਾਭ ਬਾਰੇ ਜਾਣਕਾਰੀ ਮਿਲ ਕੇ।

**10 ਨਵੰਬਰ : ਵਿਸ਼ਵ ਸ਼ਾਂਤੀ ਅਤੇ ਵਿਕਾਸ ਲਈ ਵਿਗਿਆਨ ਦਿਨ** (*World Science Day for Peace and Development*) ਤਾਕਿ ਵਿਗਿਆਨ ਦੀ ਸਹੀ ਵਰਤੋਂ ਨਾਲ ਸੰਸਾਰ ਦਾ ਭਲਾ ਹੋਵੇ।

**20 ਨਵੰਬਰ : ਬੱਚਿਆਂ ਦਾ ਅੰਤਰ-ਰਾਸ਼ਟ੍ਰੀ ਦਿਨ** (*Universal Children's Day*) 😊 ਬੱਚਿਆਂ ਦੀਆਂ ਲੋੜਾਂ ਨੂੰ ਸਮਝ ਕੇ ਉਨ੍ਹਾਂ ਨੂੰ ਪੂਰੀਆਂ ਕੀਤਾ ਜਾਵੇ।

ਲਿਖਤਾਂ ਅਤੇ ਸੁਝਾਵਾਂ ਲਈ ਪਾਠਕਾਂ ਦਾ ਧੰਨਵਾਦ।

ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
surjitsinghbhatti@gmail.com

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ॥

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥
ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥੧੩॥

ਜੀਵ-ਇਸਤ੍ਰੀ ਲਈ ਮੱਘਰ ਰੂਪੀ ਜੀਵਨ ਦਾ ਮਹੀਨਾ ਹਰੀ ਦੇ ਗੁਣਾ ਨੂੰ ਗ੍ਰਹਿਣ ਕਰਕੇ ਸੁਹਾਵਾ ਹੋ ਜਾਂਦਾ ਹੈ। ਪ੍ਰਮੇਸ਼ਰ ਦੇ ਗੁਣਾ ਤੇ ਚਲਣ ਵਾਲੀ ਜੀਵ-ਇਸਤ੍ਰੀ ਨੂੰ ਸਦਾ ਰਹਿਣ ਵਾਲਾ ਪਤੀ ਪ੍ਰਮੇਸ਼ਵਰ ਭਾਅ ਜਾਂਦਾ ਹੈ। ਉਹ ਸਿਰਜਣਹਾਰ ਪ੍ਰਭੂ ਸਿਆਣਾ ਸਭ ਕੁਝ ਜਾਣਨ ਤੇ ਸਾਰੇ ਕਾਰਜ ਕਰਨ ਵਾਲਾ ਹੈ। ਸੰਸਾਰ ਚਲਾਇਮਾਨ ਹੈ ਪਰ ਜੇ ਪ੍ਰਭੁ ਕਿਰਪਾ ਕਰੇ ਤਾਂ ਹਿਰਦੇ ਵਿਚ ਗੁਣਾਂ ਦਾ ਪ੍ਰਵੇਸ਼ ਹੁੰਦਾ ਹੈ। ਜੀਵ-ਇਸਤ੍ਰੀ ਨੂੰ ਪ੍ਰਭੂ ਪਤੀ ਚੰਗਾ ਲਗਦਾ ਹੈ। ਪ੍ਰਭੂ ਦੀ ਵਡਿਆਈ ਦੇ ਗੀਤ ਸੁਣਕੇ ਮਨੁੱਖ ਦੇ ਦੁੱਖ ਦੂਰ ਹੋ ਜਾਂਦੇ ਹਨ। ਉਹ ਜੀਵ-ਇਸਤ੍ਰੀ ਪ੍ਰਭੂ ਪਤੀ ਨੂੰ ਪਿਆਰੀ ਲਗਦੀ ਹੈ ਜੋ ਭਗਤੀ ਦੁਆਰਾ ਪਰਮੇਸ਼ਰ ਨੂੰ ਰਿਝਾ ਕੇ ਅਸਥਿਰ ਸੰਸਾਰ ਰੂਪੀ ਪੇਕੇ ਘਰ ਤੋਂ ਪਰਮੇਸ਼ਵਰ ਦੇ ਸਥਿਰ ਘਰ ਜਾਣ ਲਈ ਭਗਤੀ ਦੇ ਗੁਣਾ ਦਾ ਸ਼ਿੰਗਾਰ ਕਰਦੀ ਹੈ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

.

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਮੱਘਰ ਦੇ ਮਹੀਨੇ ਦੇ ਸੰਬੰਧ ਵਿਚ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਮੱਘਰ ਦੇ ਮਹੀਨੇ ਦੀ ਠੰਢੀ ਠੰਢੀ ਰੁੱਤ ਵਿੱਚ ਉਹੀ ਜੀਵ ਇਸਤ੍ਰੀਆਂ ਸਦਾ ਖਿੜਾਓ ਵਿੱਚ ਰਹਿੰਦੀਆਂ ਹਨ ਜੋ ਸਾਧ ਸੰਗਤ ਵਿੱਚ ਰਹਿ ਕੇ ਪ੍ਰਭੂ ਦੇ ਮਿਲਾਪ ਦਾ ਸੁਆਦ ਮਾਣਦੀਆਂ ਹਨ। ਇਸ ਦੇ ਉਲਟ ਰੱਬ ਤੋਂ ਟੁੱਟੀਆਂ ਹੋਈਆਂ ਜੀਵ ਇਸਤ੍ਰੀਆਂ ਸਦਾ ਦੁੱਖਾਂ ਵਿੱਚ ਜੀਵਨ ਬਤੀਤ ਕਰਦੀਆਂ ਹਨ ਅਤੇ ਉਹ ਜਮਾਂ ਦੇ ਵੱਸ ਪੈ ਜਾਂਦੀਆਂ ਹਨ।

ਜਿਨ੍ਹਾਂ ਜੀਵ ਇਸਤ੍ਰੀਆਂ ਨੇ ਆਪਣਾ ਪ੍ਰਭੂ ਆਰਾਧਿਆ ਹੈ ਉਹ ਸਦਾ ਉਸ ਪ੍ਰਭੂ ਦੇ ਦਰ ਤੇ (ਵੱਡਮੁੱਲੇ ਰੱਬੀ ਗੁਣਾਂ ਨਾਲ ਸ਼ਿੰਗਾਰੀਆ ਹੋਈਆਂ) ਸੋਹਣੀਆਂ ਲਗਦੀਆ ਹਨ। ਪੰਜਵੇਂ ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਉਹ ਪ੍ਰਭੂ ਦੇ ਦਰ ਤੇ (ਅਜਿਹੇ ਸ਼ਰਨ ਆਏ ਜੀਵਾਂ ਦੀ) ਚਰਨ-ਧੂੜ ਮੰਗਦੇ ਹਨ।

ਮੱਘਰ ਵਿਚ ਕਰਤਾਰ ਨੂੰ ਜਪਣ ਵਾਲਾ ਜੰਮਣ ਮਰਨ ਦੇ ਗੇੜ ਚੋਂ ਛੁੱਟ ਜਾਂਦਾ ਹੈ।

## ਮੱਘਰ ਦੇ ਮਹੀਨੇ ਦੀ ਗੁਰਬਾਣੀ ਆਧਾਰਿਤ
## ਕਾਵਿਕ ਵਿਆਖਿਆ


### ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ




ਜੀਵ ਇਸਤ੍ਰੀਆਂ ਉਹੋ ਹੀ ਸੋਹਣੀਆਂ ਨੇ ,
ਲੈਂਦਾ ਜਿਨ੍ਹਾਂ ਨੂੰ ਕੋਲ ਬਿਠਾਲ ਸਾਹਿਬ ।
ਸ਼ੋਭਾ ਉਨ੍ਹਾਂ ਦੀ ਕਹੀ ਨਹੀਂ ਜਾ ਸਕਦੀ ,
ਮੇਲੇ ਜਿਨ੍ਹਾਂ ਨੂੰ ਆਪਣੇ ਨਾਲ ਸਾਹਿਬ ।

ਤਨ ਮਨ ਉਨ੍ਹਾਂ ਦਾ ਖਿੜਿਆ ਹੈ ਸਦਾ ਰਹਿੰਦਾ,
ਸਤਿ ਸੰਗਣਾ ਨਾਲ ਜੋ ਰਲੀਆਂ ਨੇ ।
ਜੋ ਸੱਤ ਸੰਗਤ ਤੋਂ ਵਾਂਝੀਆਂ ਰਹਿ ਗਈਆਂ ,
ਰਹਿ ਜਾਂਦੀਆਂ ਸਦਾ ਇਕੱਲੀਆਂ ਨੇ ।

ਦੁੱਖ ਉਨ੍ਹਾਂ ਦੇ ਕਦੇ ਨਹੀਂ ਦੂਰ ਹੁੰਦੇ ,
ਵੱਸ ਜਮ੍ਹਾਂ ਦੇ ਪੈ ਪੈ ਰੋਂਦੀਆਂ ਨੇ ।
ਜਿਨ੍ਹਾਂ ਮਾਣਿਆ ਪ੍ਰਭੂ ਦਾ ਸਾਥ ਉਹ ਤਾਂ,
ਹੋ ਕੇ ਸਦਾ ਸੁਚੇਤ ਖਲੋਂਦੀਆਂ ਨੇ ।



ਹੀਰੇ ਲਾਲਾਂ ਜਹੇ ਰੱਬ ਦੇ ਗੁਣਾਂ ਵਾਲੇ ,
ਹਾਰ ਉਨ੍ਹਾਂ ਦੇ ਗਲੇ ਵਿਚ ਪਏ ਹੋਏ ਨੇ ।
ਨਾਨਕ ਮੰਗਦੈ ਉਨ੍ਹਾਂ ਦੀ ਧੂੜ ਹਰਦਮ,
ਜਿਹੜੇ ਪ੍ਰਭੂ ਦੇ ਚਰਨਾਂ ਚ ਢਹੇ ਹੋਏ ਨੇ ।

ਛੁੱਟੜ ਇਸਤ੍ਰੀ ਵਾਂਗ ਹੈ ਜੀਵ ਓਹ ਤਾਂ ,
ਜਿਹੜਾ ਰਾਮ ਦੇ ਨਾਮ ਤੋਂ ਟੁੱਟ ਜਾਂਦੈ ।
ਮੱਘਰ ਵਿੱਚ ਕਰਤਾਰ ਨੂੰ ਜਾਪਣ ਵਾਲਾ '
ਜੰਮਣ ਮਰਨ ਦੇ ਗੇੜ ਚੋਂ ਛੁੱਟ ਜਾਂਦੈ ॥

# ਗੁਰੂ ਤੇਗ ਬਹਾਦਰ ਜੀ ਦਾ ਆਰੰਭਕ ਜੀਵਨ

## ਸਰਦਾਰਨੀ ਅੰਮ੍ਰਿਤ ਪਾਲ ਕੌਰ, ਜਲੰਧਰ



ਗੁਰੂ ਤੇਗ ਬਹਾਦਰ ਜੀ ਦਾ ਜਨਮ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਘਰ 5 ਵਿਸਾਖ ਸੰਮਤ 1678 (1 ਅਪ੍ਰੈਲ ਸੰਨ 1621) ਨੂੰ ਗੁਰੂ ਬਜ਼ਾਰ, ਅੰਮ੍ਰਿਤਸਰ, ਵਿਖੇ ਹੋਇਆ। ਇਸ ਜਗ੍ਹਾ ਅਜੋਕੇ ਸਮੇਂ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹਨ ਜੋ ਹਰਿਮੰਦਰ ਸਾਹਿਬ ਤੋਂ ਅੱਧਾ ਕਿਲੋਮੀਟਰ ਦੇ ਫਾਸਲੇ ਤੇ ਹੈ।

ਆਪ ਆਪਣੇ ਗੁਰੂ ਪਿਤਾ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਗੁਰੂ ਹਰਗੋਬਿੰਦ ਜੀ ਜਦ ਪੰਜ ਸਿੱਖਾਂ ਸਮੇਤ ਦੇਖਣ ਲਈ ਆਏ ਤਾਂ ਆਖਿਆ ਕਿ "ਸਾਡਾ ਇਹ ਪੁੱਤ ਬੜਾ ਬਲੀ, ਦੀਨ ਰੱਖਿਅਕ, ਸੰਕਟ ਹਰਨ, ਸੂਰਬੀਰ ਤੇ ਤੇਗ ਦਾ ਧਨੀ ਹੋਵੇਗਾ।" ਬਾਲਕ ਦਾ ਨਾਮ ਪਿਤਾ ਨੇ ਤਿਆਗ ਮੱਲ ਰੱਖਿਆ, ਪਰ 14 ਸਾਲ ਦੀ ਆਯੂ ਵਿੱਚ ਜਦ ਉਨ੍ਹਾਂ ਨੇ ਕਰਤਾਰਪੁਰ ਦੀ ਜੰਗ ਵਿੱਚ ਅਦੁੱਤੀ ਜੌਹਰ ਦਿਖਾਏ ਤਾਂ ਪਿਤਾ ਗੁਰੂ ਨੇ ਉਨਾਂ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ।

ਪ੍ਰਿੰਸੀਪਲ ਸਤਬੀਰ ਸਿੰਘ ਜੀ ਲਿਖਦੇ ਹਨ ਕਿ ਸਪੁੱਤਰ ਦੇ ਜਨਮ ਸਮੇਂ ਗੁਰੂ ਪਿਤਾ ਹਰਿਮੰਦਰ ਸਾਹਿਬ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ। ਜਦੋਂ ਸਪੁੱਤਰ ਦੇ ਪ੍ਰਕਾਸ਼ ਦਾ ਸਮਾਚਾਰ ਮੇਵੜੇ ਰਾਹੀਂ ਉਹਨਾਂ ਨੂੰ ਮਿਲਿਆ ਤਾਂ ਆਪ ਦੀਵਾਨ ਦੀ ਸਮਾਪਤੀ ਉਪਰੰਤ ਤਤਕਾਲ ਗੁਰੂ ਕੇ ਮਹਿਲ ਪਹੁੰਚੇ। ਬਾਲਕ ਨੂੰ ਦੇਖਦਿਆਂ ਹੀ ਸਿਰ ਝੁਕਾ ਕੇ ਬੰਦਨਾ ਕੀਤੀ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ:

'ਤਬ ਗੁਰ ਸਿਸ ਕੋ ਬੰਦਨਾ ਕੀਨੀ ਅਤਿ ਹਿਤ ਲਾਇ ਬਿਧੀਆ ਕਹਿ ਕਸ ਬੰਦਨ ਕੀ ਕਹੋ ਮੋਹਿ ਸਮਝਾਇ॥'

ਆਪ ਗੁਰੂ ਪਰੰਪਰਾ ਦੇ ਛੇਵੇਂ ਸਿੱਖ ਸਤਿਗੁਰੂ ਗੁਰੂ ਹਰਗੋਬਿੰਦ ਸਾਹਿਬ ਦੇ ਹੋਣਹਾਰ ਸਪੁੱਤਰ ਸਨ। ਬਚਪਨ ਵਿੱਚ ਬਾਲ ਤਿਆਗ ਮਲ ਦਾ ਸੁਭਾਅ ਬੜਾ ਹੀ ਸ਼ਾਂਤ ਅਤੇ ਸਹਿਜ ਅਵਸਥਾ ਵਾਲਾ ਸੀ। ਮਾਤਾ ਦੀ ਗੋਦੀ ਵਿੱਚ ਆਪ ਬਿਲਕੁਲ ਕਿਸੇ ਗਹਿਰ ਗੰਭੀਰ ਵਿਅਕਤੀ ਦੀ ਤਰ੍ਹਾਂ ਆਰਾਮ ਨਾਲ ਪਏ ਰਹਿੰਦੇ। ਕਿਤੇ ਕਿਤੇ ਆਪ ਨਿਮ੍ਹਾਂ ਜਿਹਾ ਮੁਸਕਰਾਉਂਦੇ, ਕਦੇ ਵੀ ਕਿਸੇ ਨੇ ਰੋਂਦਿਆਂ ਨਹੀਂ ਸੀ ਦੇਖਿਆ। ਥੋੜੇ ਵੱਡੇ ਹੋਏ ਤਾਂ ਘਰ ਵਿੱਚ ਰਿੜ੍ਹਨ ਲੱਗੇ ਪ੍ਰੰਤੂ ਇਸ ਅਵਸਥਾ ਵਿੱਚ ਵੀ ਹਮੇਸ਼ਾ ਸ਼ਾਂਤ ਹੀ ਰਹਿੰਦੇ। ਘਰ ਦੇ ਅੰਦਰ ਹੀ ਭੱਜੇ ਫਿਰਦੇ- ਕਦੇ ਭੈਣ ਭਰਾਵਾਂ ਕੋਲ ਜਾਂਦੇ, ਸਭ ਦਾ ਮਨ ਮੋਂਹਦੇ।

ਸਭ ਤੋਂ ਛੋਟੇ ਹੋਣ ਕਰਕੇ ਗੁਰੂ ਪਿਤਾ ਵੀ ਆਪ ਨੂੰ ਬਹੁਤ ਪਿਆਰ ਕਰਦੇ ਕਿਉਂਕਿ ਉਹਨਾਂ ਨੂੰ ਗਿਆਨ ਸੀ ਕਿ ਇਹਨਾਂ ਨੇ ਭਵਿੱਖ ਵਿੱਚ ਬਹੁਤ ਵੱਡੇ ਕਾਰਜ ਕਰਨੇ ਹਨ।

ਤਿੰਨ ਕੁ ਸਾਲਾਂ ਦੇ ਹੋਏ ਤਾਂ ਬਾਬਾ ਗੁਰਦਿੱਤਾ ਜੀ ਦੇ ਵਿਆਹ ਦੇ ਸਬੰਧ ਵਿੱਚ ਬਰਾਤ ਤਿਆਰ ਹੋ ਰਹੀ ਸੀ। ਤਿਆਗ ਮਲ ਜੀ ਨੂੰ ਮਾਤਾ ਨਾਨਕੀ ਜੀ ਨੇ ਨਵੇਂ ਤੇ ਬਸਤਰ ਪਾ ਕੇ ਤਿਆਰ ਕੀਤਾ। ਬਾਹਰ ਕੋਈ ਗਰੀਬ ਬ੍ਰਾਹਮਣ ਆਪਣੇ ਬੱਚੇ ਨਾਲ ਖੜਾ ਸੀ ਜੋ ਸਰੀਰੋਂ ਨੰਗਾ ਸੀ। ਬੱਚੇ ਨੂੰ ਦੇਖ ਕੇ ਆਪ ਜੀ ਨੇ ਆਪਣੇ ਨਵੇਂ ਬਸਤਰ ਉਤਾਰ ਕੇ ਉਸਨੂੰ ਪੁਆ ਦਿੱਤੇ। ਪੁੱਛਿਆ ਤਾਂ ਬੋਲੇ ਕਿ ਮੈਂ ਆਪਣੇ ਬਸਤਰ ਦੇ ਦਿੱਤੇ ਹਨ - ਕਿਉਂਕਿ ਮੈਨੂੰ ਤਾਂ ਤੁਸੀਂ ਹੋਰ ਪਵਾ ਦਿਓਗੇ, ਉਸਨੂੰ ਹੋਰ ਕਿੱਥੋਂ ਮਿਲਣਗੇ। ਮਾਤਾ ਜੀ ਬੜੇ ਪ੍ਰਸੰਨ ਹੋਏ। ਉਹਨਾਂ ਨੂੰ ਕੀ ਪਤਾ ਸੀ ਕਿ ਜੋ ਅੱਜ ਸਰੀਰ ਦੇ ਬਸਤਰ ਦੇਣ ਲੱਗਿਆਂ ਨਹੀਂ ਝਿਜਕੇ ਇੱਕ ਦਿਨ ਆਪਣੇ ਸਰੀਰ ਨੂੰ ਹੀ ਧਰਮ ਲੇਖੇ ਲਗਾ ਦੇਣਗੇ।

ਗੁਰੂ ਤੇਗ ਬਹਾਦਰ ਜੀ ਕੋਲ ਪਹਿਲੇ ਅੱਠ ਗੁਰੂਆਂ ਦੀ ਰੂਹਾਨੀਅਤ ਦਾ ਵਿਰਸਾ ਸੀ। ਗੁਰਬਾਣੀ ਤੋਂ ਉਹਨਾਂ ਨੂੰ ਪਤ-ਸਹਿਤ ਜੀਣ ਦਾ ਜਜ਼ਬਾ, ਗੁਰੂ ਪ੍ਰੇਮ, ਕੁਰਬਾਨੀ ਮਾਰਗ, ਦ੍ਰਿੜਤਾ, ਮਰਨ ਜੀਵਨ ਪ੍ਰਤੀ ਸਮਾਨ ਦ੍ਰਿਸ਼ਟੀ, ਮੀਰੀ ਤੇ ਪੀਰੀ ਦੀ ਸ਼ਕਤੀ ਅਤੇ ਬਿਬੇਕ ਪ੍ਰਾਪਤ ਹੋਏ।

**ਵਾਤਾਵਰਣ** - ਗੁਰੂ ਤੇਗ ਬਹਾਦਰ ਜੀ ਨੂੰ ਬਚਪਨ ਵਿੱਚ ਘਰ ਵਿੱਚ ਦੈਵੀ ਵਾਤਾਵਰਨ ਮਿਲਿਆ, ਜਿਸ ਵਿੱਚ ਉਹਨਾਂ ਦੇ ਜੀਵਨ ਨੂੰ ਸਿਰਜਣਾਤਮਕ ਦਿਸ਼ਾਵਾਂ ਮਿਲੀਆਂ। ਉਹਨਾਂ ਨੇ ਪਿਤਾ ਜੀ ਦੇ ਜੀਵਨ ਤੋਂ ਸੂਰਬੀਰਤਾ, ਪਰਉਪਕਾਰ ਦੀ ਭਾਵਨਾ ਪ੍ਰਾਪਤ ਕੀਤੀ। ਪੰਜ ਛੇ ਸਾਲ ਦੀ ਉਮਰ ਵਿੱਚ ਪਿਤਾ ਤੋਂ ਚਰਨ-ਪਾਹੁਲ ਦਾ ਅੰਮ੍ਰਿਤ-ਪਾਨ, ਗੁਰ-ਮੰਤਰ ਤੇ ਦੀਖਿਆ ਲੈ ਕੇ ਗੁਰਸਿੱਖ ਬਣੇ ਅਤੇ ਸਹਿਜ ਯੋਗ-ਸਾਧਨਾ ਆਰੰਭ ਕਰ ਦਿੱਤੀ। ਸੱਤ ਕੁ ਸਾਲਾਂ ਦੇ ਹੋਏ ਸਨ ਕਿ ਆਪ ਦੇ ਭਰਾ ਬਾਬਾ ਅਟਲ ਰਾਏ ਜੀ ਜੋਤੀ ਜੋਤਿ ਸਮਾ ਗਏ।

**ਵਿੱਦਿਆ** - ਬਾਲਕ ਤੇਗ ਬਹਾਦਰ ਨੇ ਭਾਈ ਗੁਰਦਾਸ ਜੀ ਤੋਂ ਗੁਰਮਤਿ, ਸਿੱਖ ਇਤਿਹਾਸ ਅਤੇ ਪਿੰਗਲ ਅਨੁਸਾਰ ਛੰਦ-ਬੰਦੀ ਦੀ ਕਾਵਿਕ ਵਿੱਦਿਆ ਪ੍ਰਾਪਤ ਕੀਤੀ। **ਸ਼ਸਤਰਾਂ ਦੀ ਵਿਦਿਆ** ਉਨ੍ਹਾਂ ਨੂੰ ਪਿਤਾ ਗੁਰੂ ਦੇ ਯੋਧਿਆਂ ਬਿਧੀ ਚੰਦ, ਭਾਈ ਜੇਠਾ, ਭਾਈ ਪਿਰਾਗਾ, ਭਾਈ ਨੰਦਾ, ਭਾਈ ਬੱਲੂ ਪਵਾਰ ਤੋਂ ਮਿਲੀ। ਇਸ ਤਰ੍ਹਾਂ ਛੋਟੀ ਉਮਰ ਵਿਚ ਬਾਲਕ ਤੇਗ ਬਹਾਦਰ ਜੀ ਸਾਹਿਤ, ਸੰਗੀਤ, ਇਤਿਹਾਸ, ਦਰਸ਼ਨ ਤੇ ਸ਼ਸਤਰ ਵਿੱਦਿਆ ਵਿੱਚ ਨਿਪੁੰਨ ਹੋ ਗਏ।

**ਸ਼ਾਦੀ** - ਗੁਰੂ ਜੀ ਦੀ ਸ਼ਾਦੀ 15 ਅਸੂ ਸੰਮਤ 1689, (1632 ਈਸਵੀ) ਨੂੰ ਕਰਤਾਰਪੁਰ ਵਿਖੇ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਹੋਈ। ਪਿਤਾ ਨੇ ਨਿਮਰਤਾ ਨਾਲ ਆਖਿਆ,"ਸੱਚੇ ਪਾਤਸ਼ਾਹ! ਮੈਂ ਆਪ ਦੀ ਉੱਚ ਪਦਵੀ ਅਨੁਸਾਰ ਸੁਵਾਗਤ ਨਹੀਂ ਕਰ ਸਕਿਆ।" ਗੁਰੂ ਜੀ ਨੇ ਉੱਤਰ ਦਿੱਤਾ, "ਤੁਸੀਂ ਬਹੁਤ ਕੁਝ ਦੇ ਦਿੱਤਾ। ਸਾਨੂੰ ਸਭ ਕੁਝ ਤੁਹਾਡੇ ਪ੍ਰੇਮ ਤੇ ਸ਼ਰਧਾ ਵਿੱਚੋਂ ਪਹੁੰਚ ਗਿਆ। ਆਪਣੀ ਧੀ ਦੇ ਦਿੱਤੀ, ਪਿੱਛੇ ਕੀ ਰਹਿ ਗਿਆ।"

ਸਫਲ ਗ੍ਰਿਹਸਤੀ - ਗੁਰੂ ਜੀ ਨਸਿੱਖ ਧਰਮ ਦੀਆਂ ਸਾਰੀਆਂ ਸੇਵਾਵਾਂ ਨਿਭਾਈਆਂਅ ਤੇ ਪਰਿਵਾਰ, ਮਾਤਾ, ਪਤਨੀ ਤੇ ਬੱਚੇ ਨਾਲ ਸਨੇਹ ਰੱਖਦੇ। ਜਦੋਂ ਪਿਤਾ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਆਦੇਸ਼ ਮੁਤਾਬਕ ਆਪਣੇ ਨਾਨਕੇ ਬਾਬਾ ਬਕਾਲੇ ਚਲੇ ਗਏ। ਉੱਥੇ ਗੁਰੂ ਜੀ ਨੇ 20 ਸਾਲ ਤੱਕ ਪ੍ਰਭੂ ਦੀ ਬੰਦਗੀ ਵਿੱਚ ਲੀਨ ਰਹਿੰਦੇ।

ਮਾਤਾ ਨਾਨਕੀ ਜੀ ਤੇ ਪਤਨੀ ਬੀਬੀ ਗੁਜਰੀ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਰਹਿੰਦੀਆਂ। ਮਾਖੋਵਾਲ ਦੀ ਖਰੀਦੀ ਜ਼ਮੀਨ ਦਾ ਨਾਮ ਉਹਨਾਂ ਚੱਕ ਨਾਨਕੀ ਰੱਖਿਆ।

ਜਦੋਂ ਆਪ ਦੇ ਬੇਟੇ ਗੋਬਿੰਦ ਰਾਏ ਦਾ ਜਨਮ ਹੋਇਆ ਤਾਂ ਗੁਰੂ ਜੀ ਢਾਕੇ ਵਿੱਚ ਪ੍ਰਚਾਰ ਯਾਤਰਾ ਤੇ ਗਏ ਹੋਏ ਸਨ। ਆਪ ਬੱਚੇ ਦੇ ਜਨਮ ਬਾਰੇ ਸੁਣ ਕੇ ਇਕਦਮ ਪਟਨੇ ਨਹੀਂ ਆਏ। ਜਦੋਂ ਆਪ ਪਰਤੇ ਤਾਂ ਬਾਲਕ ਪੰਜ ਸਾਲਾਂ ਦਾ ਹੋ ਗਿਆ ਸੀ। ਪਰ ਇਹ ਸਾਰਾ ਸਮਾਂ ਆਪ ਬੱਚੇ ਦਾ ਖਿਆਲ ਰੱਖਦੇ ਰਹੇ ਆਪ ਨੇ ਢਾਕੇ ਤੋਂ ਭਾਈ ਦਿਆਲ ਦਾਸ, ਰਾਜਾ ਫਤਿਹ ਚੰਦ ਤੇ ਹੋਰ ਭਗਤਾਂ ਨੂੰ ਹੁਕਮ ਭੇਜਿਆ ਕਿ ਪਰਿਵਾਰ ਲਈ ਇੱਕ ਵਧੀਆ ਹਵੇਲੀ ਬਣਵਾਓ ਜਿਸ ਵਿੱਚ ਬਾਲਕ ਗੋਬਿੰਦ ਰਾਏ ਨੂੰ ਪੂਰੇ ਸੁੱਖ ਤੇ ਦੇਖਭਾਲ ਦੇ ਸਾਧਨ ਮਿਲ ਸਕਣ ਅਤੇ ਬਾਲਕ ਦੇ ਖੇਡਣ ਮੱਲਣ ਲਈ ਬਾਗ ਤੇ ਬਾਰਾਂਦਰੀ ਹੋਵੇ। ਇਸ ਕਿਸਮ ਦੀ ਜੋ ਹਵੇਲੀ ਬਣਾਈ ਗਈ ਉਸਨੂੰ ਅੱਜ ਕੱਲ੍ਹ ਮੈਣੀ ਸੰਗਤ ਕਹਿੰਦੇ ਹਨ ਕਿਉਂਕਿ ਇਹ ਰਾਜਾ ਫਤਿਹ ਚੰਦ ਮੈਣੀ ਦੇ ਉੱਦਮ ਨਾਲ ਬਣੀ ਸੀ।

ਗੁਰੂ ਸਾਹਿਬ ਸਿਲਹਟ ਤੇ ਚਿਟਾ ਗਾਂਗ ਦੀਆਂ ਸੰਗਤਾਂ ਨੂੰ ਦਰਸ਼ਨ ਦੇਣ ਲਈ ਤੁਰੇ। ਜਦੋਂ ਬਾਲਕ ਦੀ ਉਮਰ ਤਿੰਨ ਸਾਲ ਦੀ ਹੋਈ ਤਾਂ ਆਪ ਨੇ ਚਾਉ ਤੇ ਉਮੰਗਾਂ ਅਨੁਸਾਰ ਢਾਕੇ ਤੇ ਅਸਾਮ ਦੀਆਂ ਬਹੁਤ ਵਡਮੁੱਲੀਆਂ ਚੀਜ਼ਾਂ ਭੇਜੀਆਂ।

ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਗਟ ਹੋਣਾ

30 ਮਾਰਚ ਸੰਨ 1664 ਨੂੰ ਗੁਰੂ ਹਰਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਜੋਤੀ ਜੋਤ ਸਮਾਏ ਤੇ ਉਹਨਾਂ ਹਦਾਇਤ ਕੀਤੀ ਕਿ "ਬਾਬਾ ਬਸੇ ਗ੍ਰਾਮ ਬਕਾਲੇ" ਭਾਵ ਗੁਰ ਗੱਦੀ ਦੇ ਮਾਲਕ ਬਕਾਲੇ ਵਿਖੇ ਹਨ। ਇਸ ਗੱਲ ਤੋਂ ਨਜਾਇਜ਼ ਫਾਇਦਾ ਉਠਾ ਕੇ ਕਈ ਪਖੰਡੀ ਗੁਰੂ ਗੱਦੀ ਦੇ ਦਾਅਵੇਦਾਰ ਬਣ ਬਕਾਲੇ ਆ ਇਕੱਠੇ। ਇਨ੍ਹਾਂ ਵਿਚ ਧੀਰਮਲ ਸਭ ਤੋਂ ਅੱਗੇ ਸੀ।

ਮੱਖਣ ਸ਼ਾਹ ਲੁਬਾਣਾ ਜੋ ਕਿ ਜ਼ਿਲਾ ਜਿਹਲਮ ਦੇ ਸ਼ਹਿਰ ਟਾਂਡੇ ਦਾ ਰਹਿਣ ਵਾਲਾ ਸੀ ਤੇ ਦੂਰ ਦੁਰਾਡੇ ਦੇਸ਼ਾਂ ਅੰਦਰ ਆਪਣਾ ਵਪਾਰ ਕਰਦਾ ਸੀ, ਜਦੋਂ ਜਹਾਜ ਰਾਹੀਂ ਵਪਾਰ ਕਰਦਿਆਂ ਸਮਾਨ ਲਿਆ ਰਿਹਾ ਸੀ ਤਾਂ ਉਸਦਾ ਜਹਾਜ਼ ਇੱਕ ਜਗ੍ਹਾ ਬਰਨਤ ਵਿੱਚ ਫਸ ਗਿਆ। ਉਸਨੇ ਸ਼ਰਧਾ ਭਰਪੂਰ ਹੋ ਕੇ ਸੱਚੇ ਪਾਤਸ਼ਾਹ ਦੇ ਅੱਗੇ ਅਰਦਾਸ ਕੀਤੀ ਕਿ ਕਿਰਪਾ ਕਰਕੇ ਮੇਰਾ ਜਹਾਜ ਇਥੋਂ ਕੱਢ ਕੇ ਮੇਰੀ ਸਹਾਇਤਾ ਕਰੋ। ਮੈਂ ਆਪ ਜੀ ਨੂੰ 500 ਮੋਹਰਾਂ ਦਸਵੰਧ ਭੇਟ ਕਰਾਂਗਾ।

**ਅਰਦਾਸ ਦੀ ਬਰਕਤ** ਸਦਕਾ ਮੱਖਣ ਸ਼ਾਹ ਦਾ ਜਹਾਜ ਪਾਣੀ ਵਿੱਚ ਤੈਰਨ ਲੱਗਿਆ। ਉਹ ਬਕਾਲੇ ਨਗਰ ਵਿੱਚ ਪਹੁੰਚ ਗਿਆ। ਪਰ ਉਥੇ ਤਾਂ ਸੋਢੀ ਆਪਣੀ ਗੱਦੀ ਲਾ ਕੇ ਆਪਣੇ ਆਪ ਨੂੰ ਗੁਰੂ ਪ੍ਰਗਟ ਕਰਦਿਆਂ ਗੱਦੀ ਦੇ ਮਾਲਕ ਬਣੇ ਬੈਠੇ ਸਨ। ਮੱਖਣ ਸ਼ਾਹ ਨੇ ਦੋ ਦੋ ਮੋਹਰਾਂ ਸਭ ਦੇ ਅੱਗੇ ਰੱਖੀਆਂ ਅਤੇ ਸ਼ਰਧਾ ਭਾਵਨਾ ਨੂੰ ਮਨ ਵਿਚ ਧਾਰ ਕੇ ਭੋਰੇ ਵਿੱਚ ਤਪ ਕਰ ਰਹੇ ਮਹਾਂਪੁਰਖਾਂ ਦੇ ਅੱਗੇ ਜਾ ਸੀਸ ਨਿਵਾਇਆ। ਦੋ ਮੋਹਰਾਂ ਉਨ੍ਹਾਂ ਦੇ ਚਰਨਾਂ 'ਚ ਰੱਖੀਆਂ। ਜਦੋਂ ਗੁਰੂ ਪਿਤਾ ਨੇ ਆਪਣੀ ਮਿਥੀ ਮੰਨੀ ਹੋਈ ਭੇਟਾ ਦਾ ਚੇਤਾ ਕਰਾਇਆ ਤਾ ਮੱਖਣ ਸ਼ਾਹ ਦੀ ਹੈਰਾਨੀ ਦੀ ਹੱਦ ਨਾ ਰਹੀ ਅਤੇ ਖੁਸ਼ੀ ਵਿੱਚ ਝੂਮਕੇ ਉਸਨੇ ਢੰਡੋਰਾ ਦਿੱਤਾ ਕਿ "ਸਾਚਾ ਗੁਰੂ ਲਾਧੋ ਰੇ, ਸਾਚਾ ਗੁਰੂ ਲਾਧੋ ਰੇ। ਕਵੀ ਸੈਨਾਪਤੀ ਜੀ ਲਿਖਦੇ ਹਨ:

ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸ਼ਟ
ਪੈ ਢਾਪੀ ਚਾਦਰ॥ਕਰਮ ਧਰਮ ਕੀ ਜਿਨ ਪਤ
ਰਾਖੀ ਅਟੱਲ ਕਰੀ ਕਲਯੁਗ ਮਹਿ ਸਾਖੀ ॥

*****

## ਕਹੁ ਨਾਨਕ ਹਰਿ ਭਜੁ ਮਨਾ ...

ਸਰਦਾਰਨੀ ਕਿਰਪਾਲ ਕੌਰ, ਨਿਆਗਰਾ ਫਾਲਸ (ਕੈਨੇਡਾ)



ਗੁਰੂ ਤੇਗ ਬਹਾਦਰ ਜੀ ਸਤਿਗੁਰ ਨਾਨਕ ਜੀ ਦੀ ਜੋਤ ਦੇ ਰੂਪ ਵਿੱਚ ਸਿੱਖਾਂ ਦੇ ਨੌਵੇਂ ਗੁਰੂ ਦੇ ਰੂਪ ਵਿਚ ਪ੍ਰਗਟ ਹੋਏ। ਆਪ ਜੀ ਬਚਪਨ ਤੋਂ ਹੀ ਬੈਰਾਗੀ ਰੁਚੀ ਵਾਲੇ, ਗੰਭੀਰ ਅਤੇ ਅਧਿਆਤਮ ਸਾਧਨਾ ਕਰਨ ਵਾਲੇ ਤਪੱਸਵੀ ਸਨ। ਭਾਵੇਂ ਆਪ ਜੀ ਦੇ ਕਰਤਾਰਪੁਰ ਦੀ ਚੌਥੀ ਜੰਗ ਵਿੱਚ ਤੇਗ ਦੇ ਜੌਹਰ ਦਿਖਾਉਣ ਕਾਰਣ ਪਿਤਾ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਦਾ ਨਾਮ ਤਿਆਗ ਮੱਲ ਤੋਂ ਤੇਗ ਬਹਾਦਰ ਕਰ ਦਿੱਤਾ ਸੀ, ਪਰ ਤਿਆਗੀ ਬਿਰਤੀ ਆਪ ਜੀ ਦੇ ਹਮੇਸ਼ਾ ਨਾਲ ਰਹੀ।

ਉਨ੍ਹਾਂ ਦੀ ਬਾਣੀ, 15 ਰਾਗਾਂ ਵਿੱਚ 59 ਸ਼ਬਦ ਅਤੇ 57 ਬੈਰਾਗਮਈ ਸਲੋਕ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਆਪ ਦੇ ਸਲੋਕ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸਮਾਪਤੀ ਤੇ ਉਚਾਰੇ ਜਾਂਦੇ ਹਨ, ਸਿੱਖਾਂ ਦੇ ਹਿਰਦੇ ਵਿੱਚ ਵਸੇ ਹਨ। ਸਤਿਗੁਰਾਂ ਨੇ ਆਪਣੇ ਮਨ ਨੂੰ ਸੰਬੋਧਨ ਕਰਕੇ ਸਾਨੂੰ ਉਪਦੇਸ਼ ਦਿੱਤਾ ਹੈ ਕਿ ਸੰਸਾਰ ਵਿੱਚ ਰਹਿੰਦੇ ਉਪਰਾਮਤਾ ਮਨੁੱਖ ਨੂੰ ਪਰਮਾਰਥ ਵੱਲ ਲੈ ਜਾਂਦੀ ਹੈ। ਨਾਸ਼ਮਾਨਤਾ ਦੀ ਸਮਝ ਹੀ ਬੈਰਾਗ ਦੀ ਭਾਵਨਾ ਪੈਦਾ ਹੁੰਦੀ ਹੈ ਜਿਸ ਤੋਂ ਪ੍ਰੇਮ ਭਗਤੀ ਜਨਮ ਲੈਂਦੀ ਹੈ।

ਗੁਰੂ ਸਾਹਿਬ ਫਰਮਾਂਦੇ ਹਨ ਕਿ ਹੇ ਮਨੁੱਖ ! ਜੋ ਤੂੰ ਇਹ ਸਾਰਾ ਦ੍ਰਿਸ਼ਟਮਾਨ ਪਸਾਰਾ ਦੇਖ ਰਿਹਾ ਹੈਂ, ਸਥਿਰ ਨਹੀਂ ਹੈ, ਖਤਮ ਹੋ ਜਾਣਾ ਹੈ। ਤੇਰਾ ਸਰੀਰ ਵੀ ਤੇਰਾ ਨਹੀਂ ਹੈ। ਹਰ ਪਲ ਤੇਰੀ ਉਮਰ ਘਟ ਰਹੀ ਹੈ, ਸੁਆਸ ਖਤਮ ਹੋ ਰਹੇ ਹਨ।

ਬਚਪਨ ਗਿਆ, ਜਵਾਨੀ ਗਈ, ਬੁਢਾਪਾ ਤੇਰੇ ਤਨ ਨੂੰ ਖਾ ਰਿਹਾ ਹੈ, ਮੌਤ ਸਿਰ ਤੇ ਖੜ੍ਹੀ ਹੈ। ਸਿਰ ਕੰਬਦਾ ਹੈ, ਪੈਰ ਭਾਰ ਨਹੀਂ ਝੱਲਦੇ, ਅੱਖਾਂ ਦੀ ਜੋਤ ਚਲੀ ਗਈ ਹੈ। ਦੱਸ ਕਿਵੇਂ ਪਰਮਾਤਮਾ ਦਾ ਨਾਮ ਲਵੇਂਗਾ। ਪ੍ਰਭੂ ਦੇ ਸਿਮਰਨ ਤੋਂ ਬਿਨਾਂ ਤੇਰਾ ਜਨਮ ਮਰਨ ਖਤਮ ਨਹੀਂ ਹੋਣਾ, ਅਨੇਕਾਂ ਜਨਮਾਂ ਵਿੱਚ ਭਟਕੇਂਗਾ।ਨਾਮ ਜਪ ਲੈ, ਅੱਜ ਸਮਾਂ ਹੈ।

ਜਿਵੇਂ ਪਾਣੀ ਤੇ ਬੁਲਬੁਲਾ ਬਣ, ਟੁੱਟਦਾ ਹੈ। ਇਵੇਂ ਇਹ ਜਗਤ ਦਾ ਪਸਾਰਾ ਬਣਦਾ ਤੇ ਟੁੱਟਦਾ ਹੈ। ਸੰਸਾਰ ਇੱਕ ਸੁਪਨੇ ਦੀ ਨਿਆਈਂ ਹੈ। ਰਾਤ ਮੁੱਕ ਗਈ ਤਾਂ ਸਭ ਕੁਝ ਖਤਮ ਹੋ ਜਾਏਗਾ। ਇੱਕ ਪਰਮਾਤਮਾ ਦਾ ਨਾਮ ਹੀ ਸੱਚ ਹੈ। ਉਦੇਸ਼ ਵਾਸ਼ਨਾਵਾਂ ਦਾ ਤਿਆਗ ਅਤੇ ਸੰਸਾਰਕ ਝਮੇਲਿਆਂ ਪ੍ਰਤੀ ਉਪਰਾਮਤਾ ਹੈ। ਮਨੁੱਖ ਨੇ ਮੋਹ ਵਿੱਚ ਫਸ ਕੇ ਇਹਨਾਂ ਰਿਸ਼ਤੇ ਨਾਤਿਆਂ ਨੂੰ ਆਪਣੇ ਕਰ ਕੇ ਜਾਣਿਆ ਹੈ, ਮਾਇਆ ਖਾਤਰ ਭਟਕਦਾ ਹੈ, ਪਰ ਔਖੇ ਵੇਲੇ ਕਿਸੇ ਨੇ ਵੀ ਸਹਾਈ ਨਹੀਂ ਹੋਣਾ। ਰਾਗੁ ਜੈਜਾਵੰਤੀ ਮਹਲਾ ੯ ਵਿਚ ਪੰਨਾ ੧੩੫੨ ਤੇ ਆਪ ਸਮਝਾਂਦੇ ਹਨ :

ਰਾਮੁ ਸਿਮਰ ਰਾਮੁ ਸਿਮਰ ਇਹੈ ਤੇਰੈ ਕਾਜਿ ਹੈ ॥

ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥

ਜਗਤ ਸੁਖੁ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥ ॥ਰਹਾਉ ॥

ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ ॥

ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥

ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ ॥

ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥

ਪਾਤਸ਼ਾਹ ਕੰਹਿਦੇ ਹਨ ਕਿ ਸਰੀਰ ਨਾਸ਼ਮਾਨ ਹੈ। ਇਸ ਵਿਚ ਜੋ ਪਰਮਾਤਮਾ ਹੈ, ਉਸ ਨੂੰ ਪਛਾਣੋ। ਕਿਉਂ ਹੰਕਾਰਿਆ ਫਿਰਦਾ ਹੈਂ? ਨਾਲ ਕੁਝ ਜਾਣਾ ਹੀ ਨਹੀਂ ਫੇਰ ਇਹਨਾਂ ਪਦਾਰਥਾਂ ਨਾਲ ਕਿਉ ਚਿੰਬੜਿਆ ਹੈਂ? ਖੁਸ਼ਾਮਦ ਅਤੇ ਨਿੰਦਿਆ ਨੂੰ ਛੱਡ ਕੇ ਸਰਬਵਿਆਪੀ ਪਰਮਾਤਮਾ ਦੀ ਹੀ ਸਿਫਤ ਸਲਾਹ ਕਰ।

* ਸਾਧੋ ਇਹੁ ਤਨੁ ਮਿਥਿਆ ਜਾਨਉ ॥

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥ ਰਹਾਉ ॥

ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥

ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥

(ਪੰਨਾ ੧੧੮੬, ਰਾਗੁ ਬਸੰਤੁ ਹਿੰਡੋਲ ਮਹਲਾ ੯)

ਗੁਰੂ ਜੀ ਸਿਮਰਨ ਦੀ ਉੱਚੀ ਅਵਸਥਾ ਬਾਰੇ ਆਖਦੇ ਹਨ ਕਿ ਪ੍ਰੇਮਾ ਭਗਤੀ ਨਾਲ ਉਹ ਅੰਦਰੋਂ ਹੀ ਪ੍ਰਗਟ ਹੁੰਦਾ ਹੈ। ਜਗਿਆਸੂ ਨੂੰ ਚਾਅ ਚੜ੍ਹਦਾ ਹੈ ਕਿ ਉਸ ਨੇ ਨਾਮ ਧਨ ਪ੍ਰਾਪਤ ਕਰ ਲਿਆ ਹੈ, ਭਟਕਣਾ ਛੱਡ ਕੇ ਥਿਰ ਹੋ ਗਿਆ ਹੈ। ਗਿਆਨ ਅੰਦਰੋਂ ਫੁੱਟ ਪੈਂਦਾ ਹੈ ਤਾਂ ਪਦਾਰਥਾਂ ਦੀ ਤਾਂਘ ਖਤਮ ਹੋ ਜਾਂਦੀ ਹੈ। ਲੋਭ ਤੇ ਮੋਹ ਖਤਮ ਹੋ ਕੇ ਭਗਤੀ ਦੀ ਦਾਤ ਮਿਲ ਜਾਂਦੀ ਹੈ। ਜਿੰਦਗੀ ਦੇ ਸਾਰੇ ਡਰ ਤੇ ਝੋਰੇ ਖਤਮ ਹੋ ਜਾਂਦੇ ਹਨ, ਤ੍ਰਿਸ਼ਨਾਵਾਂ ਖਤਮ ਹੋ ਜਾਂਦੀਆਂ ਹਨ ਅਤੇ ਮਨ ਆਪਣੇ ਨਿਜ ਸਰੂਪ ਵਿਚ ਟਿਕ ਜਾਂਦਾ ਹੈ। ਜਿਸ ਵਿਰਲੇ ਜਨ ਤੇ ਪ੍ਰਭੂ ਦਿਆਲ ਹੋ ਜਾਏ, ਓਹੋ ਇਸ ਤਰਾਂ ਦਾ ਸਿਮਰਨ ਪ੍ਰਾਪਤ ਕਰਦਾ ਹੈ।

* ਮਾਈ ਮੈ ਧਨੁ ਪਾਇਓ ਹਰਿ ਨਾਮੁ ॥

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ ਰਹਾਉ ॥

ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥

ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥

(ਪੰਨਾ ੧੧੮੬, ਬਸੰਤੁ ਮਹਲਾ ੯)

ਜੋ ਮੋਹ ਮਾਇਆ ਤੋਂ ਉਪਰਾਮ ਹੋ ਕੇ ਬੈਰਾਗੀ ਹੋ ਗਿਆ, ਉਸਦੇ ਮੱਥੇ ਦੇ ਭਾਗ ਜਾਗ ਜਾਂਦੇ ਹਨ। ਉਹ ਮਨ ਨੂੰ ਨਾਮ ਸਿਮਰਨ ਦਾ ਅਭਿਆਸ ਕਰ ਕੇ ਆਤਮ ਸਰੂਪ ਵਿੱਚ ਟਿਕਾ ਲੈਂਦਾ ਹੈ। ਅਜਿਹੇ ਗੁਰਮੁਖਿ ਪਰਮਾਤਮਾ ਦਾ ਰੂਪ ਅਤੇ ਮੁਕਤ ਹੋ ਜਾਂਦੇ ਹਨ। ਪ੍ਰਭੂ ਦੇ ਨਾਮ ਬਿਨਾਂ ਦੁੱਖ ਅਤੇ ਸੰਸਾ ਦੂਰ ਨਹੀਂ ਹੁੰਦੇ। ਤੀਰਥ, ਬ੍ਰਤ, ਜੋਗ, ਜੱਗ ਆਦਿ ਸਭ ਨਿਹਫਲ ਹਨ।

* ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥
(ਪੰਨਾ ੮੩੦, ਬਿਲਾਵਲੁ ਮਹਲਾ ੯)

ਗੁਰੂ ਜੀ ਘਰ ਬਾਰ ਛੱਡ ਕੇ ਜੰਗਲਾਂ ਵਿੱਚ ਜਾ ਕੇ ਸਮਾਧੀ ਲਾਉਣ ਲਈ ਨਹੀਂ ਆਖਦੇ, ਸਗੋਂ ਗੁਰਮਤਿ ਸਿਧਾਂਤ ਅਨੁਸਾਰ ਸਾਰੇ ਕਾਰ ਵਿਹਾਰ ਕਰਦੇ ਅਤੇ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਉਸਨੂੰ ਸਦਾ ਯਾਦ ਰੱਖਣ ਤੇ ਜੋਰ ਦਿੰਦੇ ਹਨ। ਨਾਮ ਸਿਮਰਨ ਨੂੰ ਵਿਅਕਤੀ ਲਈ ਐਨਾ ਜਰੂਰੀ ਸਮਝਦੇ ਹਨ ਕਿ ਜਿਹੜਾ ਇਸ ਤੋਂ ਵਾਂਝਾ ਹੈ, ਉਸ ਨੂੰ ਕੁੱਤੇ ਅਤੇ ਸੂਰ ਨਾਲ ਤੁਲਨਾ ਦੇਣ ਤੋਂ ਵੀ ਨਹੀਂ ਝਿਜਕਦੇ।

* ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥
(ਪੰਨਾ ੧੪੨੭, ਸਲੋਕ ਮਹਲਾ ੯)

ਸਲੋਕ ਮਹਲਾ ੯ ਵਿੱਚ ਆਪ ਜੀ ਨਾਸ਼ਮਾਨਤਾ ਤੇ ਜੋਰ ਦੇ ਕੇ ਪ੍ਰਭੂ ਦੀ ਸਿਫਤ ਸਲਾਹ ਕਰਦੇ ਰਹਿਣ ਦੀ ਬਾਰ ਬਾਰ ਤਾਕੀਦ ਕਰਦੇ ਹਨ। ਮਨੁੱਖੀ ਮਨ ਚੰਚਲ ਹੈ, ਇਸ ਨੂੰ ਸਮਝਾਉਣ ਲਈ ਬਾਰ ਬਾਰ ਆਖੇ ਜਾਣ ਦੀ ਲੋੜ ਹੈ। ਇਸੇ ਲਈ ਇਹਨਾਂ ਸਲੋਕਾਂ ਵਿੱਚ 'ਕਹੁ ਨਾਨਕ ਹਰਿ ਭਜੁ ਮਨਾ' ਦੀ ਧੁਨ ਬਾਰ ਬਾਰ ਗੂੰਜਦੀ ਹੈ। ਉਹ ਆਰੰਭਤਾ ਹੀ ਇਥੋਂ ਕਰਦੇ ਹਨ ਕਿ ਜਿਸ ਨੇ ਗੋਬਿੰਦ ਦੇ ਗੁਣ ਨਹੀਂ ਗਾਏ, ਉਸਨੇ ਆਪਣਾ ਜਨਮ ਬੇਅਰਥ ਗਵਾ ਲਿਆ ਹੈ।

ਹੋਰ ਉਦਾਹਰਣਾਂ ਦੇ ਕੇ ਜਗਤ ਨੂੰ ਝੂਠਾ ਦੱਸ ਕੇ, ਸਾਕ ਸੰਬੰਧੀਆਂ ਦੀ ਸਵਾਰਥੀ ਨੇੜਤਾ ਦਰਸਾ ਕੇ, ਆਪਣੇ ਸਰੀਰ ਦੇ ਥੋੜ੍ਹਚਿਰਾ ਹੋਣ ਦੀ ਗੱਲ ਕਰ ਕੇ, ਉਦਾਸ-ਬਿਰਤੀ ਉਪਜਾਉਂਦੇ ਹਨ ਅਤੇ ਪ੍ਰਭੂ ਦਾ ਨਾਮ ਜਪਣ ਦੇ ਲਾਭ ਦਰਸਾਉਂਦੇ ਹਨ।

* ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥
(ਪੰਨਾ ੧੪੨੯, ਸਲੋਕ ਮਹਲਾ ੯)

ਗੁਰੂ ਜੀ ਨੇ ਪਰਮਾਤਮਾ ਨਾਲ ਪਿਆਰ ਅਤੇ ਉਸ ਦਾ ਨਾਮ ਸਿਮਰਨ ਤੇ ਜਿਆਦਾ ਬਲ ਦਿੱਤਾ ਹੈ। ਸਿਮਰਨ ਤੋਂ ਬਿਨਾਂ ਮਨੁੱਖ ਸੱਖਣਾ ਹੈ, ਮੋਹ ਮਾਇਆ ਵਿੱਚ ਫਸਿਆ ਮਨੁੱਖ ਆਪਣਾ ਸਾਰਾ ਕੁਝ ਆਪਣੇ ਹੱਥੋਂ ਗੁਆ ਬੈਠਦਾ ਹੈ। ਜੇ ਵਕਤ ਰਹਿੰਦੇ ਹੀ ਆਪਣੇ ਜੀਵਨ ਮਨੋਰਥ ਨੂੰ ਸਮਝ ਕੇ ਪਰਮ ਪਿਤਾ ਨਾਲ ਪੀਡੀ ਗੰਢ ਪਾ ਲਈਏ ਤਾਂ ਉਹ ਧੁਰ ਤੱਕ ਸਾਡੇ ਨਾਲ ਨਿਭ ਸਕਦੀ ਹੈ।

ਅਜਿਹੇ ਮਨੁੱਖ ਦਾ ਜਨਮ ਸਫਲ ਹੋ ਜਾਂਦਾ ਹੈ ਅਤੇ ਉਹ ਹਰਖ ਸੋਗ, ਨਿੰਦਾ ਉਸਤਤਿ,ਦੁਖ ਸੁਖ ਨੂੰ ਇੱਕ ਸਮਾਨ ਸਮਝਦਾ ਹੋਇਆ ਨਿਰਭਉ ਤੇ ਨਿਰਵੈਰ ਬਣ ਕੇ ਆਪਣੇ ਪ੍ਰਭੂ ਦੀ ਯਾਦ ਵਿੱਚ ਰਹਿ ਕੇ ਜੀਵਨ ਗੁਜਰਦਾ ਹੈ। ਗੁਰੂ ਤੇਗ ਬਹਾਦਰ ਜੀ ਸੰਸਾਰ ਦੇ ਇਤਿਹਾਸ ਵਿਚ ਅਜਿਹੇ ਜੀਵਨ ਦਾ ਪਹਿਲਾ ਉਦਾਹਰਣ ਹਨ ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਲਾਸਾਨੀ ਕਿਵੇਂ ?

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)



ਸ਼ਹੀਦ ਉਹ ਹੈ ਜੋ ਗਰੀਬ, ਮਜਲੂਮ ਜਾਂ ਲਿਤਾੜੇ ਹੋਏ ਲੋਕਾਂ ਤੇ ਹੋ ਰਹੇ ਜ਼ੁਲਮ ਦੇ ਵਿਰੁੱਧ ਡਟ ਕੇ ਖੜ ਜਾਂਦਾ ਹੈ ਅਤੇ ਹੱਕ ਸੱਚ ਨਾਲ ਖੜਨ ਦੀ ਗਵਾਹੀ, ਜ਼ਾਮਨੀ ਜਾਂ ਸ਼ਾਹਦੀ ਅਕਾਲ ਪੁਰਖ ਕੋਲ ਦਿੰਦਾ ਹੈ। ਸ਼ਹੀਦੀ ਕਿਸੇ ਅਸੂਲ ਤੇ ਖੜੇ ਹੋਣ ਦੀ ਗਵਾਹੀ ਹੈ ਅਤੇ ਪਰਮਾਤਮਾ ਨਾਲ ਇੱਕ ਵਾਅਦਾ ਹੈ, ਐਲਾਨਨਾਮਾ ਕਿ ਕੋਈ ਵੀ ਤਾਕਤ ਮੈਨੂੰ ਇਸ ਅਸੂਲ ਤੋਂ ਥਿੜਕਾ ਨਹੀਂ ਸਕਦੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣਤਾ ਜਾਂ ਲਾਸਾਨੀ ਕਿਵੇਂ ਹੈ।

1.ਪੂਰੀ ਦੁਨੀਆਂ ਵਿੱਚ ਇਸ ਸਮੇਂ ਤੱਕ ਕੋਈ ਵੀ ਅਵਤਾਰ ਜਾਂ ਪੈਗੰਬਰ ਨਹੀਂ ਹੋਇਆ ਜੋ ਕਿਸੇ ਹੋਰ ਦੀ ਖਾਤਰ ਜਿਸ ਨੂੰ ਉਹ ਜਾਣਦਾ ਵੀ ਨਹੀਂ,ਜੋ ਉਸ ਦੇ ਧਰਮ ਜਾਂ ਜ਼ਾਤ ਦਾ ਵੀ ਨਹੀਂ। ਉਹ ਉਸ ਦਾ ਪੈਰੋਕਾਰ ਵੀ ਨਹੀਂ। ਜਿਸ ਨਾਲ ਉਸ ਦੇ ਵਿਚਾਰਾਂ ਦੀ ਵੀ ਕੋਈ ਸਾਂਝ ਨਹੀਂ,ਸਗੋਂ ਵਿਚਾਰ ਵੀ ਵਿਰੋਧੀ ਹੋਣ, ਦੇ ਲਈ ਆਪਾ ਕੁਰਬਾਨ ਕਰ ਦੇਵੇ। ਜਿਵੇਂ ਉਹ ਜਨੇਊ ਜਿਸ ਨੂੰ ਪਹਿਲੀ ਪਾਤਸ਼ਾਹੀ ਨੇ ਨਕਾਰ ਦਿੱਤਾ ਸੀ ਕਿ ਇਹ ਇੱਕ ਫੋਕੀ ਰਸਮ ਬਣ ਕੇ ਰਹਿ ਗਿਆ ਹੈ ਜੋ ਸਮਾਜ ਵਿਚ ਵੰਡੀਆਂ ਵੀ ਪਾਉਂਦਾ ਹੈ ਅਤੇ ਬ੍ਰਾਹਮਣ ਦਾ ਰੋਜ਼ੀ ਰੋਟੀ ਦਾ ਸਾਧਨ ਬਣ ਗਿਆ ਹੈ।ਉਸ ਜਨੇਊ ਪਹਿਨਣ ਵਾਲਿਆਂ ਤੇ ਜਦੋਂ ਰਾਜਸੀ ਜ਼ੁਲਮ ਦੀ ਹਨੇਰੀ ਝੁੱਲੀ ਤਾਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਉਸੇ ਜਨੇਊ ਨੂੰ ਪਹਿਨਣ ਵਾਲਿਆਂ ਦੀ ਧਾਰਮਿਕ ਸੁਤੰਤਰਤਾ ਦੇ ਹੱਕ ਵਿੱਚ ਡੱਟ ਕੇ ਖੜ੍ਹੇ। ਆਪਣੇ ਤਿੰਨ ਪਿਆਰੇ ਸਿੱਖਾਂ ਸਮੇਤ ਅਕਹਿ ਅਤੇ ਅਸਹਿ ਤਸੀਹੇ ਸਹਿ ਕੇ ਸ਼ਹੀਦੀ ਦਿੱਤੀ।

2. ਸਿਰਫ਼ ਉਪਦੇਸ਼ ਹੀ ਨਹੀਂ ਦਿੱਤਾ ਸਗੋਂ ਕਰ ਕੇ ਦਿਖਾਇਆ। ਗੁਰੂ ਨਾਨਕ ਜੀ ਦਾ ਸ਼ਬਦ ,॥ ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰਿ ਤਲੀ ਗਲੀ ਮੇਰੀ ਆਉ॥ ਨੂੰ ਪ੍ਰਤੱਖ ਕਰ ਦਿਖਾਇਆ।

3. ਸ਼ਹਾਦਤ ਲਈ ਆਪ ਗਏ। ਲਾਲਾ ਦੌਲਤ ਰਾਏ ਜੀ ਲਿਖਦੇ ਹਨ:

ਆਜ ਤੱਕ ਯਹ ਤੋਂ ਸੁਨਾ ਥਾ ਕਿ, ਕਾਤਲ ਮਕਤੂਲ ਕੇ ਪਾਸ ਗਯਾ, ਗਰ ਯਹ ਨਹੀਂ ਸੁਨਾ ਕਿ ਮਕਤੂਲ ਕਾਤਲ ਕੇ ਪਾਸ ਜਾਏ।

ਆਪ ਜੀ ਤਿੰਨ ਸਿੱਖਾਂ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਅਨੰਦਪੁਰ ਸਾਹਿਬ ਤੋਂ ਦਿੱਲੀ ਜਾਣ ਲਈ ਰਵਾਨਾ ਹੋਏ।

ਉਨ੍ਹਾਂ ਦਾ ਵੀਚਾਰ ਸੀ ਕਿ ਲੋਕਾਂ ਨੂੰ ਮਿਲਦੇ ਅਤੇ ਪ੍ਰਚਾਰ ਕਰਦੇ ਜਾਵਾਂਗੇ।ਪਰ ਮਲਕਪੁਰ ਰੰਘੜਾ ਤੋਂ ਇਕ ਸਿੱਖ ਭਾਈ ਨਿਗਾਹੀਆ ਜੀ ਦੇ ਘਰੋਂ 12 ਜੁਲਾਈ 1675 ਨੂੰ ਰੋਪੜ ਦੇ ਠਾਣੇਦਾਰ ਕਾਜ਼ੀ ਨੂਰ ਮੁਹੰਮਦ ਨੇ ਤਿੰਨਾਂ ਸਿੱਖਾਂ ਸਮੇਤ ਗੁਰੂ ਸਾਹਿਬ ਜੀ ਨੂੰ ਗਿਰਫ਼ਤਾਰ ਕਰਕੇ ਬਸੀ ਪਠਾਣਾਂ ਦੇ ਕੈਦਖਾਨੇ ਵਿੱਚ ਰੱਖਿਆ ਜਿਥੇ ਉਨ੍ਹਾਂ ਨੂੰ ਮਨਾਉਣ ਲਈ ਕਈ ਤਰ੍ਹਾਂ ਦੇ ਹਥਕੰਡੇ ਵਰਤੇ। ਜਦੋਂ ਗੁਰੂ ਸਾਹਿਬ ਕਿਸੇ ਵੀ ਤਰ੍ਹਾਂ ਉਨ੍ਹਾਂ ਨਾਲ ਸਹਿਮਤ ਨਾ ਹੋਏ ਤਾਂ ਉਨ੍ਹਾਂ ਇੱਕ ਛੋਟਾ ਜਿਹਾ ਪਿੰਜਰਾ ਬਣਵਾਇਆ ਜਿਸ ਅੰਦਰ ਬਲੇਡ ਲੱਗੇ ਸਨ।ਗੁਰੂ ਸਾਹਿਬ ਨਾ ਖੜ ਸਕਦੇ ਸਨ,ਨਾ ਢੋਅ ਲਾ ਸਕਦੇ ਸਨ ਤੇ ਨਾਹੀਂ ਬੈਠ ਸਕਦੇ ਸਨ, ਉਸ ਪਿੰਜਰੇ ਵਿੱਚ ਬੰਦ ਕਰ ਦਿੱਤਾ।

ਇਸ ਤੋਂ ਪਹਿਲਾਂ ਵੀ ਗੁਰੂ ਸਾਹਿਬ ਨੂੰ ਦੋ ਵਾਰੀ ਗਿਰਫ਼ਤਾਰ ਕੀਤਾ ਸੀ। ਪਹਿਲੀ ਵਾਰ ਧਮਧਾਨ (ਦਿੱਲੀ ਦੇ ਨੇੜੇ) ਤੋਂ 08 ਨਵੰਬਰ 1665 ਨੂੰ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ। ਦੂਜੀ ਵਾਰ 1670 ਨੂੰ ਆਗਰੇ ਤੋਂ। ਕਾਰਨ ਕਿ ਭੜਕਾਊ ਪ੍ਰਚਾਰ ਕਰ ਰਹੇ ਹਨ ਅਤੇ ਲੋਕਾਂ ਨੂੰ ਆਪਣੇ ਮਗਰ ਲਾ ਰਹੇ ਹਨ।

ਔਰੰਗਜ਼ੇਬ ਦੇ ਹੁਕਮ ਅਨੁਸਾਰ ਫਿਰ ਉਨ੍ਹਾਂ ਨੂੰ 08 ਨਵੰਬਰ 1675 ਨੂੰ ਦਿੱਲੀ ਕੋਤਵਾਲੀ ਲਿਆਂਦਾ ਗਿਆ। ਇਥੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਮੁਸਲਿਮ ਧਰਮ ਕਬੂਲ ਕਰੋ ਜਾਂ ਕੋਈ ਕਰਾਮਾਤ ਕਰ ਕੇ ਦਿਖਾਓ ਜਾਂ ਫਿਰ ਮੌਤ ਲਈ ਤਿਆਰ ਹੋ ਜਾਓ । ਗੁਰੂ ਸਾਹਿਬ ਜੀ ਨੇ ਮੌਤ ਨੂੰ ਕਬੂਲਿਆ। ਉਨ੍ਹਾਂ ਨੂੰ ਡਰਾਉਣ, ਧਮਕਾਉਣ ਅਤੇ ਡੋਲਾਉਣ ਲਈ ਉਨ੍ਹਾਂ ਨੇ ਨਾਲ ਆਏ ਸਿਖਾਂ ਨੂੰ ਅਕਹਿ ਅਤੇ ਅਸਹਿ ਤਸੀਹੇ ਦਿੱਤੇ।

ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਦਿੱਤੀ ਅਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲਿਆ ਗਿਆ। ਅਖੀਰ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਸੀਸ ਨੂੰ ਧੜ ਨਾਲੋਂ ਅਲੱਗ ਕਰ ਦਿੱਤਾ। ਔਰੰਗਜ਼ੇਬ ਦਾ ਹੁਕਮ ਸੀ ਕਿ ਸਰੀਰ ਦੇ ਚਾਰ ਟੋਟੇ ਕਰ ਕੇ ਸ਼ਹਿਰ ਦੇ ਚਾਰੇ ਚੌਕਾਂ ਤੇ ਟੰਗ ਦਿੱਤੇ ਜਾਣ ਤਾਂ ਕਿ ਲੋਕਾਂ ਵਿੱਚ ਦਹਿਸ਼ਤ ਫੈਲ ਜਾਵੇ।

4. ਵਿਲੱਖਣਤਾ ਇਹ ਵੀ ਹੈ ਕਿ ਦੁਨੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਪੂਰੇ ਪਰਿਵਾਰ ਵੱਲੋਂ ਸਹਿਯੋਗ ਮਿਲਿਆ। ਕੋਈ ਵੀ ਡੋਲਿਆ ਜਾਂ ਥਿੜਕਿਆ ਨਹੀਂ। ਪੁੱਤਰ ਨੇ ਬ੍ਰਹਿਮੰਡ ਦੀ ਮਹਾਨ ਹਸਤੀ ਹੋਣ ਕਾਰਨ ਸ਼ਹਾਦਤ ਲਈ ਆਪ ਕਿਹਾ। ਮਾਂ ਅਤੇ ਪਤਨੀ ਦਾ ਇੱਕ ਅਜਿਹਾ ਰਿਸ਼ਤਾ ਹੈ ਜੋ ਸ਼ਹਾਦਤ ਵਿੱਚ ਰੁਕਾਵਟ ਬਣ ਸਕਦਾ ਸੀ। ਪਰ ਸਾਰੇ ਪਰਿਵਾਰ ਨੇ ਆਪ ਤੋਰ ਕੇ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਮਿਸਾਲ ਕਾਇਮ ਕਰ ਦਿੱਤੀ।

5. ਇਸ ਤੋਂ ਪਹਿਲਾਂ ਸੰਸਾਰ ਵਿੱਚ ਕਦੇ ਨਹੀਂ ਹੋਇਆ ਕਿ ਪੈਰੋਕਾਰਾਂ ਨੇ ਨਾਲ ਸ਼ਹਾਦਤ ਦਿੱਤੀ ਹੋਵੇ। ਦੋਗਲੇ ਬੰਦੇ ਲਈ ਪੰਜਾਬੀ ਦਾ ਇਕ ਅਖਾਣ ਹੈ, ਨਾ ਤਿੰਨਾਂ ਵਿੱਚੋਂ ਨਾਂ ਤੇਰਾ ਵਿਚੋਂ। ਸ਼ਹੀਦ ਮਨਸੂਰ ਦੇ ਤੇਰਾਂ ਦੋਸਤ ਸਨ। ਪਰ ਜਦੋਂ ਉਨ੍ਹਾਂ ਨੂੰ ਸਲੀਬ ਤੇ ਚੜ੍ਹਾਉਣ ਦੀ ਸਜ਼ਾ ਸੁਣਾਈ ਤਾਂ ਤੇਰਾਂ ਹੀ ਮੁੱਕਰ ਗਏ। ਜਦੋਂ ਮਨਸੂਰ ਨੂੰ ਪੱਥਰ ਮਾਰਨ ਦੀ ਸਜ਼ਾ ਸੁਣਾਈ ਤਾਂ ਉਸ ਦਾ ਪੱਕਾ ਦੋਸਤ ਸ਼ਿਬਲੀ ਵੀ ਵਿਰੋਧੀਆਂ ਨਾਲ ਖੜ੍ਹ ਕੇ ਫੁੱਲ ਮਾਰਨ ਲੱਗਾ । ਜਿਸ ਦੀ ਮਾਨਸਿਕ ਪੀੜ ਮਨਸੂਰ ਨੇ ਪੱਥਰ ਤੋਂ ਵੀ ਵੱਧ ਮਹਿਸੂਸ ਕੀਤੀ।

ਇਹ ਤਿੰਨ ਸਿੱਖ ਆਪਣੇ ਗੁਰੂ ਲਈ ਆਪਾ ਵਾਰ ਗਏ। ਸਿੱਖਾਂ ਨੇ ਪੰਜਵੀਂ ਪਾਤਿਸ਼ਾਹੀ ਨੂੰ ਉਬਲਦਿਆਂ, ਤੱਤੀ ਤਵੀ ਤੇ ਬੈਠ ਸੀਸ ਤੇ ਗਰਮ ਰੇਤ ਪਵਾ ਕੇ ਵੀ, ਤੇਰਾ ਕੀਆ ਮੀਠਾ ਲਾਗੈ॥ ਕਹਿੰਦਿਆਂ ਸੁਣਿਆ ਅਤੇ ਵੇਖਿਆ ਸੀ। ਪਰ ਹੁਣ ਨੌਵੀਂ ਪਾਤਸ਼ਾਹੀ ਆਪਣੇ ਸਿਖਾਂ ਨੂੰ ਆਰੇ ਨਾਲ ਦੋਫਾੜ ਹੁੰਦਿਆਂ, ਅੱਗ ਨਾਲ ਸੜਦਿਆਂ ਅਤੇ ਦੇਗ ਵਿਚ ਉਬਦਿਆਂ ਵੀ ਗੁਰੂ ਵੱਲ ਮੁੱਖ ਕਰਕੇ ਜਪੁਜੀ ਸਾਹਿਬ ਦਾ ਪਾਠ ਸੁਣ ਰਹੇ ਸਨ।

6.ਇਸ ਸ਼ਹਾਦਤ ਦੀ ਵਿਲੱਖਣਤਾ ਇਹ ਹੈ ਇੱਕ ਸਰੀਰ ਦਾ ਦੋ ਥਾਵਾਂ ਤੇ ਸਸਕਾਰ ਹੋਇਆ। ਐਨੇ ਪਹਿਰੇ ਵਿੱਚੋਂ ਜਿਥੇ ਚਿੜੀ ਵੀ ਪਰ ਨਹੀਂ ਸੀ ਮਾਰ ਸਕਦੀ। ਬਹੁਤ ਹੀ ਅਦਬ ਅਤੇ ਸਤਿਕਾਰ ਨਾਲ ਸੀਸ ਅਤੇ ਧੜ ਚੁੱਕ ਲਿਆਉਣੇ ਕਿਸੇ ਕਰਾਮਾਤ ਤੋਂ ਘੱਟ ਨਹੀਂ ਸਨ। ਲੱਖੀ ਸ਼ਾਹ ਵਣਜਾਰੇ ਨੇ ਰੂੰ ਦੇ ਗੱਡੇ ਵਿੱਚ ਗੁਰੂ ਸਾਹਿਬ ਜੀ ਦਾ ਧੜ ਲਿਆ ਕੇ ਆਪਣੇ ਘਰ ਨੂੰ ਅੱਗ ਲਾ ਕੇ ਸਸਕਾਰ ਕਰ ਦਿੱਤਾ। ਭਾਈ ਜੈਤਾ ਜੀ ਨੇ ਚਾਦਰਾਂ ਵਿੱਚ ਲਪੇਟ ਸੀਸ ਨੂੰ ਇੱਕ ਟੋਕਰੀ ਵਿੱਚ ਪਾਕੇ ਸਿਰ ਤੇ ਰੱਖ ਲਿਆ। ਇਸ ਤਰ੍ਹਾਂ ਇਹ ਪਾਵਨ ਸੀਸ ਵੀ ਯਾਤਰਾ ਤੇ ਤੁਰ ਪਿਆ। ਚੱਪੇ ਚੱਪੇ ਤੇ ਫੌਜ ਗਸ਼ਤ ਕਰ ਰਹੀ ਸੀ।

ਔਰੰਗਜ਼ੇਬ ਵੀ ਅਪਣੀ ਹਾਰ ਤੇ ਬੁਖਲਾ ਗਿਆ ਸੀ ਕਿ ਮੈਂ "ਇੱਕ ਬੰਦੇ" ਦਾ ਵੀ ਧਰਮ ਨਾ ਬਦਲਾ ਸਕਿਆ। ਇਹੋ ਜਿਹੇ ਹਾਲਾਤਾਂ ਵਿੱਚ ਭਾਈ ਜੈਤਾ ਜੀ ਨੇ ਪਹਿਲਾ ਪੜਾਅ ਬਾਗਪਤ ਇੱਕ ਬਹੁਤ ਹੀ ਬਜ਼ੁਰਗ ਮੁਸਲਮਾਨ ਫਕੀਰ ਕੋਲ ਕੀਤਾ ਜਿੱਥੇ ਉਸ ਨੇ ਇੱਕ ਪੰਡਿਤ ਕ੍ਰਿਸ਼ਨਪਾਲ ਨਾਲ ਮੇਲ ਕਰਾਇਆ। ਦੂਜਾ ਟਿਕਾਣਾ ਭਾਈ ਦੇਵਾ ਰਾਮ ਧੋਬੀ ਦੇ ਘਰ ਕੀਤਾ। ਤੀਜਾ ਪੜਾਅ ਟਾਂਗਰੀ ਨਦੀ ਪਾਰ ਕਰਕੇ ਅੰਬਾਲੇ ਨੇੜੇ ਕੈਂਥ ਮਾਜਰੀ ਰਾਮਦੇਵ ਕੋਲ ਕੀਤਾ।

ਚੌਥਾ ਦਿਨ ਚੰਡੀਗੜ੍ਹ ਦੇ ਨੇੜੇ ਨਾਭਾ ਸਾਹਿਬ ਇੱਕ ਮੁਸਲਮਾਨ ਫਕੀਰ ਦਰਗਾਹੀ ਸ੍ਹਾ ਕੋਲ ਰਹੇ। ਇਹ ਸਾਰੀਆਂ ਉਹ ਰੂਹਾਂ ਸਨ ਜੋ ਗੁਰੂ ਸਾਹਿਬ ਨੂੰ ਉਡੀਕਦੀਆਂ ਸਨ ਅਤੇ ਗੁਰੂ ਸਾਹਿਬ ਨੇ ਵੀ ਵਾਅਦਾ ਕੀਤਾ ਸੀ ਕਿ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਆਵਾਂਗੇ। ਪੰਜਵਾਂ ਪੜਾਅ ਕੀਰਤਪੁਰ ਸਾਹਿਬ ਕੀਤਾ। ਇਥੇ ਹੀ ਅਨੰਦਪੁਰ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਆਪਣੀ ਦਾਦੀ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਅਤੇ ਹੋਰ ਸੰਗਤਾਂ ਸਮੇਤ ਕੀਰਤਪੁਰ ਸਾਹਿਬ ਪਹੁੰਚ ਗਏ। ਮਾਤਾ ਨਾਨਕੀ ਜੀ ਨੇ ਸੀਸ ਦੇ ਦਰਸ਼ਨ ਕਰਕੇ ਕਿਹਾ ਜਿਹੋ ਜਿਹਾ ਮੁਸਕਰਾਉਂਦਾ ਚਿਹਰਾ ਲੈ ਕੇ ਮੇਰਾ ਪੁੱਤਰ ਗਿਆ ਸੀ ਉਵੇਂ ਹੀ ਆ ਗਿਆ। ਪਤਨੀ ਮਾਤਾ ਗੁਜਰੀ ਜੀ ਨੇ ਸੀਸ ਦੀਆਂ ਪਰਿਕਰਮਾ ਕੀਤੀਆਂ ਅਤੇ ਕਿਹਾ ਸੁਆਮੀ ਜੀ ਤੁਹਾਡੀ ਨਿਭ ਗਈ, ਅਸੀਸ ਦਿਓ ਮੇਰੀ ਭੀ ਨਿਭ ਜਾਵੇ।

ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਕਲਾਵੇ ਵਿੱਚ ਲੈ ਕੇ ਕਿਹਾ ਤੂੰ ਇੱਕ ਪੁੱਤਰ ਦਾ ਫਰਜ਼ ਨਿਭਾਇਆ ਹੈ। ਅਤੇ ਰੰਗਰੇਟਾ ਗੁਰੂ ਕਾ ਬੇਟਾ ਕਹਿ ਕੇ ਨਿਵਾਜਿਆ। ਇਥੋਂ ਇੱਕ ਪਾਲਕੀ ਵਿੱਚ ਸਜਾ ਕੇ ਸੀਸ ਅਨੰਦਪੁਰ ਸਾਹਿਬ ਲਿਆ ਕੇ ਸਸਕਾਰ ਕੀਤਾ।

ਸ਼ਹੀਦੀ ਦੇ ਕਾਰਨ

ਜ਼ੁਲਮ ਦੀ ਇੰਤਹਾ ਹੋ ਚੁੱਕੀ ਸੀ। ਔਰੰਗਜ਼ੇਬ ਦਾ ਟੀਚਾ ਸਾਰਿਆਂ ਨੂੰ ਮੁਸਲਮਾਨ ਬਣਾਉਣ ਦਾ ਸੀ। ਜੋ ਨਹੀਂ ਮੰਨਦਾ ਸੀ ਉਸ ਤੇ ਅਕਹਿ ਅਤੇ ਅਸਹਿ ਤਸ਼ੱਦਦ ਢਾਹ ਕੇ  ਮਾਰ ਦਿੱਤਾ ਜਾਂਦਾ ਸੀ। ਗੁਰੂ ਨਾਨਕ ਜੀ ਲਿਖਦੇ ਹਨ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ॥

ਨੌਵੇਂ ਜਾਮੇ ਵਿੱਚ ਇਸੇ ਦਰਦ ਨੂੰ ਮਹਿਸੂਸ ਕਰਕੇ, ਇਸ ਜ਼ੁਲਮ ਨੂੰ ਰੋਕਣ ਲਈ ਆਪਾ ਨਿਛਾਵਰ ਕਰ ਦਿੱਤਾ।

ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ

ਕਸ਼ਮੀਰੀ ਪੰਡਿਤ ਆਪਣੇ ਹਰ ਆਗੂ ਨੂੰ ਮਿਲ ਕੇ ਆਪਣੀ ਵੇਦਨਾ ਦੱਸ ਚੁੱਕੇ ਸਨ ਅਤੇ ਹਰ ਦੇਵੀਂ ਦੇਵਤੇ ਦੀ ਪੂਜਾ ਕਰ ਚੁੱਕੇ ਸਨ । ਪਰ ਕਿਸੇ ਨੇ ਬਾਂਹ ਨਹੀਂ ਫੜੀ। ਗੁਰੂ ਨਾਨਕ ਜੀ ਬਾਬਰਵਾਣੀ ਵਿੱਚ ਕਹਿੰਦੇ ਹਨ ॥"ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ"॥ ਅੱਗੇ ਲਿਖਦੇ ਹਨ "ਕੋਈ ਮੁਗ਼ਲ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ"॥ਭਾਵ ਕਿ ਮੰਤਰਾਂ ਨੇ ਕੋਈ ਕਰਾਮਾਤ ਨਾ ਕੀਤੀ ਅਖੀਰ ਨੂੰ ਅਨੰਦਪੁਰ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਆਕੇ ਅਪਣੀ ਦਰਦਭਰੀ ਵਿਥਿਆ ਸੁਣਾਈ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਧਰਵਾਸ ਦਿੰਦਿਆਂ ਕਿਹਾ ਕਿ ਔਰੰਗਜ਼ੇਬ ਨੂੰ ਕਹਿ ਦੇਵੋ ਕਿ ਸਾਡੇ ਆਗੂ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਬਣਾ ਲਓ ਫਿਰ ਅਸੀਂ ਸਾਰੇ ਧਰਮ ਬਦਲ ਲਵਾਂਗੇ।

ਸਿੱਖੀ ਦਾ ਵਧਦਾ ਪ੍ਰਭਾਵ

ਗੁਰੂ ਨਾਨਕ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੇ ਸਭ ਤੋਂ ਵੱਧ ਪ੍ਰਚਾਰ ਦੌਰੇ ਕੀਤੇ। ਕਈ ਰਾਜਿਆਂ ਦੇ ਸਮਝੌਤੇ ਕਰਾਏ। ਗੁਰੂ ਸਾਹਿਬ ਦੀ ਸ਼ਹੀਦੀ ਦਾ ਮਕਸਦ ਪੰਡਤਾਂ ਨੂੰ ਉਪਦੇਸ਼ ਕਿ ਇਕੱਲੇ ਮੰਤਰ ਪੜ੍ਹਨ ਜਾਂ ਪੂਜਾ ਪਾਠ ਕਰਨ ਨਾਲ ਤੁਸੀਂ ਆਪਣੀ ਰੱਖਿਆ ਨਹੀਂ ਕਰ ਸਕਦੇ। ਮੁਕਾਬਲਾ ਕਰਨ ਲਈ ਸ਼ਸਤਰਧਾਰੀ ਹੋਣਾ ਜ਼ਰੂਰੀ ਹੈ। ਪੰਡਤਾਂ ਦਾ ਆਗੂ ਕਿਰਪਾ ਰਾਮ ਅੰਮ੍ਰਿਤ ਛੱਕ ਕੇ ਕਿਰਪਾ ਸਿੰਘ ਬਣਿਆ ਅਤੇ ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਸ਼ਹੀਦ ਹੋਇਆ।

ਖਾਲਸੇ ਦੀ ਨੀਂਹ ਰੱਖੀ ਗਈ

ਆਪ ਜੀ ਦੀ ਬਾਣੀ ਹੈ॥" ਭੈ ਕਾਹੂ ਕਉ ਦੇਤ ਨਹਿ,ਨਹਿ ਭੈ ਮਾਨਤ ਆਨ"॥ ਇਹ ਪੰਕਤੀ ਵਿੱਚ ਬੀਜ ਰੂਪ ਵਿੱਚ ਖਾਲਸਾ ਪਿਆ ਹੈ। ਭਾਵੇਂ ਸਿੱਧੇ ਤੌਰ ਤੇ ਸ਼ਸ਼ਤਰਾਂ ਦੀ ਗੱਲ ਨਹੀਂ ਕੀਤੀ, ਪਰ ਜੇ ਕੋਈ ਚੜ੍ਹ ਕੇ ਆ ਜਾਵੇ ਤਾਂ ਮੁਕਾਬਲਾ ਹਥਿਆਰਾਂ ਨਾਲ ਹੀ ਹੋ ਸਕਦਾ ਹੈ।

ਮਨੁੱਖੀ ਹੱਕਾਂ ਦੀ ਰਾਖੀ ਲਈ ਅਵਾਜ਼ ਬੁਲੰਦ ਕਰਨੀ। ਉਸ ਸਮੇਂ ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਸੀ। ਔਰਤਾਂ ਜਾਂ ਮਰਦਾਂ ਨੂੰ ਗੁਲਾਮ ਬਣਾ ਕੇ ਅਮਾਨਵੀ ਵਰਤਾਰੇ ਹੋ ਰਹੇ ਸਨ। ਮਨੁੱਖਤਾ ਦੀ ਗੱਲ ਕਰਕੇ ਗੁਰੂ ਤੇਗ ਬਹਾਦਰ ਜੀ ਨੇ ਪੂਰੀ ਸਿਰਸਟੀ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ।

ਇਸ ਤਰ੍ਹਾਂ ਇਹ ਸ਼ਹਾਦਤ ਪੂਰੇ ਬ੍ਰਹਿਮੰਡ ਵਿੱਚ ਇੱਕ ਵਿਲੱਖਣ, ਪ੍ਰਭਾਵਸ਼ਾਲੀ ਅਤੇ ਅਦੁੱਤੀ ਸ਼ਹਾਦਤ ਹੋ ਨਿਬੜੀ ਹੈ। ਜਿਥੇ ਗੁਰੂ ਸਾਹਿਬ ਜੀ ਦਾ ਸਸਕਾਰ ਜਾਂ ਜਿਨ੍ਹਾਂ ਥਾਵਾਂ ਤੇ ਗੁਰੂ ਸਾਹਿਬ ਜੀ ਦਾ ਸੀਸ ਗਿਆ ਉਹ ਸੀਸਗੰਜ ਸਾਹਿਬ ਬਣ ਗਿਆ। ਗੰਜ ਭਾਵ ਖਜ਼ਾਨਾ, ਜਿਸ ਨੂੰ ਸਮੇਂ ਸਮੇਂ ਤੇ ਸਿੱਖਾਂ ਨੇ ਸ਼ਹਾਦਤਾਂ ਦੇ ਕੇ ਭਰਪੂਰ ਰੱਖਿਆ ਜੋ ਹੁਣ ਤੱਕ ਵੀ ਜਾਰੀ ਹੈ

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸਮਾਜਿਕ ਪ੍ਰਭਾਵ

ਸਰਦਾਰਨੀ ਗੁਰਚਰਨ ਕੌਰ ਥਿੰਦ, ਕੈਲਗਰੀ (ਕੈਨੇਡਾ)



(ਸਿੱਖਾਂ ਵਿੱਚ ਇਨਕਲਾਬੀ ਬੀਜ ਪੈਦਾ ਹੋਏ,
ਗੈਰ ਸਿੱਖਾਂ ਤੇ ਪ੍ਰਭਾਵ)

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ ਕਿਸਮ ਦੀ ਸ਼ਹਾਦਤ ਹੈ ਜਿਸ ਵਿੱਚ ਮਕਤੂਲ ਖ਼ੁਦ ਚਲ ਕੇ ਕਾਤਲ ਕੋਲ ਜਾਂਦਾ ਹੈ। ਉਹ ਕੇਵਲ ਆਪਣਿਆਂ ਲਈ ਧਾਰਮਿਕ ਖੁੱਲ੍ਹ ਅਤੇ ਅਜ਼ਾਦੀ ਵਾਸਤੇ ਅਵਾਜ਼ ਨਹੀਂ ਉਠਾਉਂਦਾ ਬਲਕਿ ਸਮੁੱਚੀ ਮਨੁੱਖਤਾ ਦੇ ਬਿਨਾ ਕਿਸੇ ਦਬਾਅ ਦੇ ਮਨਮਰਜ਼ੀ ਦੀ ਜ਼ਿੰਦਗੀ ਜਿਉਣ, ਧਰਮ ਅਤੇ ਅਕੀਦਾ ਮੰਨਣ ਦੇ ਮਨੁੱਖੀ ਹੱਕਾਂ ਦੀ ਰਾਖੀ ਹਿੱਤ ਆਪਣਾ ਸਿਰ ਕਲਮ ਕਰਵਾਉਣ ਤੋਂ ਨਹੀਂ ਝਿਜਕਦਾ। ਅਜਿਹੀ ਲਾਸਾਨੀ ਸ਼ਹਾਦਤ ਦਾ ਉਸ ਸਮੇਂ ਦੇ ਅਤੇ ਅਜੋਕੇ ਸਮਾਜ ਤੇ ਪ੍ਰਭਾਵ ਪਿਆ। ਇਸ ਦਾ ਗੁਰੂ ਨਾਨਕ ਦੇ ਸਿੱਖਾਂ ਤੇ ਤਾਂ ਡੂੰਘਾ ਪ੍ਰਭਾਵ ਪਿਆ ਹੀ ਇਸ ਨੇ ਸਮੁੱਚੇ ਸਮਾਜ ਦੀ ਦਕੀਆਨੂਸੀ ਤੇ ਦੱਬੂ ਸੋਚ ਨੂੰ ਵੀ ਝੰਜੋੜ ਕੇ ਰੱਖ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੂੰ ਲੋਕ-ਪ੍ਰੇਮ, ਸੇਵਾ, ਸਹਿਨਸ਼ੀਲਤਾ, ਨਿਰਮਾਣਤਾ ਵਰਗੇ ਗੁਣਾਂ ਦੀ ਗੁੜ੍ਹਤੀ ਜਨਮ ਤੋਂ ਹੀ ਮਿਲੀ ਸੀ। ਜਦ ਅਪ੍ਰੈਲ, 1621 ਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਮਾਤਾ ਨਾਨਕੀ ਦੀ ਕੁਖੋਂ ਆਪ ਜੀ ਦਾ ਜਨਮ ਹੋਇਆ, ਸਿੱਖੀ ਲਈ ਉਹ 'ਮੀਰੀ ਤੇ ਪੀਰੀ' ਦਾ ਸਮਾਂ ਸੀ। ਮੁਗ਼ਲ ਹਕੂਮਤ ਵਲੋਂ ਪੰਜਵੇਂ ਗੁਰੂ ਜੀ ਨੂੰ ਲਹੌਰ ਵਿਖੇ ਅਕਿਹ ਕਸ਼ਟ ਦੇ ਸ਼ਹੀਦ ਕਰ ਦੇਣਾ ਸਿੱਖਾਂ ਲਈ ਇੱਕ ਵੱਡੀ ਚੁਨੌਤੀ ਬਣ ਉੱਭਰ ਸੀ। ਲਹੌਰ ਵੱਲ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਜੀ ਨੇ ਗੁਰਗੱਦੀ ਦੇ ਪੁੱਤਰ ਹਰਗੋਬਿੰਦ ਨੂੰ ਨਾਲ ਤਕੜੇ ਮੱਲ ਰੱਖਣ ਦੀ ਨਸੀਹਤ ਕੀਤੀ ਸੀ।

ਇਸ ਸ਼ਹਾਦਤ ਨੇ ਪਹਿਲੇ ਗੁਰੂਆਂ ਦੁਆਰਾ ਦਰਸਾਏ 'ਕ੍ਰਿਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਵਾਲੇ ਜੀਵਨ-ਜਾਚ ਦੇ ਸਿਧਾਤਾਂ ਦੇ ਨਾਲ ਸਿਰ ਉੱਚਾ ਕਰਕੇ ਜਿਉਣ ਵਾਸਤੇ ਸਵੈ-ਰੱਖਿਆ ਲਈ ਹਥਿਆਰ ਰੱਖਣ ਦਾ ਸਿਧਾਂਤ ਲਾਗੂ ਕਰਵਾ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲਦਿਆਂ ਹੀ ਅੰਮ੍ਰਿਤਸਰ ਸ਼ਹਿਰ ਦੇ ਬਾਹਰਵਾਰ ਸਥਿੱਤ ਲੋਹ ਗੜ੍ਹ ਤੇ ਅਖਾੜਿਆਂ ਵਿੱਚ ਕੁਸ਼ਤੀ, ਭਲਵਾਨੀ, ਤਲਵਾਰਬਾਜ਼ੀ ਤੇ ਘੋੜਸਵਾਰੀ ਦੀ ਸਿਖਲਾਈ ਸ਼ੁਰੂ ਕਰਵਾ ਦਿੱਤੀ।

ਸਿੱਖਾਂ ਦੇ ਰੂਹਾਨੀ ਅਸਥਾਨ ਦਰਬਾਰ ਸਾਹਿਬ ਦੇ ਸਾਹਮਣੇ ਬਾਬਾ ਬੁੱਢਾ ਜੀ ਦੀ ਮਦਦ ਨਾਲ ਆਪਣੇ ਹੱਥੀਂ ਅਕਾਲ ਤਖਤ ਦਾ ਥੜਾ ਸਥਾਪਤ ਕੀਤਾ ਅਤੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖੀ ਜੀਵਨ ਵਿੱਚ ਰੂਹਾਨੀ ਤੇ ਦੁਨਿਆਵੀ, ਦੋਵਾਂ ਪੱਖਾਂ ਨੂੰ ਉਜਾਗਰ ਕਰ ਦਿੱਤਾ। ਉਪਰੋਕਤ ਮਾਹੌਲ ਵਿੱਚ ਜੰਮੇ, ਪਲੇ ਅਤੇ ਪ੍ਰਵਾਨ ਚੜ੍ਹੇ ਬਾਲਕ ਤਿਆਗ ਮੱਲ, ਜਿੱਥੇ ਗੁਰਬਾਣੀ ਦੇ ਨਾਲ ਵੇਦ, ਪੁਰਾਣ ਅਤੇ ਉਪਨਸ਼ਿਦ ਦੇ ਗਿਆਤਾ ਵਿਦਵਾਨ ਵੀ ਸਨ ਉੱਥੇ ਨਿੱਡਰ ਯੋਧੇ ਵੀ ਸਨ। ਉਹ ਤੇਗ ਚਲਾਉਣ ਅਤੇ ਘੋੜਸਵਾਰੀ ਦੇ ਮਾਹਿਰ ਸਨ।

ਸੱਤ ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਮੁਗਲਾਂ ਵਲੋਂ ਅੰਮ੍ਰਿਤਸਰ ਸ਼ਹਿਰ ਤੇ ਕੀਤੇ ਹਮਲੇ ਸਮੇਂ ਸਿੱਖਾਂ ਵਲੋਂ ਮੁਕਾਬਲੇ ਵਿੱਚ ਲੜੀ ਜੰਗ ਦਾ ਦ੍ਰਿਸ਼ ਅੱਖੀਂ ਵੇਖਿਆ। ਗੁਰੂ ਹਰਗੋਬਿੰਦ ਸਾਹਿਬ ਵਲੋਂ ਲੜੀ ਗਈ ਕਰਤਾਰਪੁਰ ਸਾਹਿਬ ਦੀ ਚੌਥੀ ਜੰਗ ਵਿੱਚ ਤਿਆਗ ਮੱਲ ਨੇ ਆਪਣੀ ਬਹਾਦਰੀ ਦੇ ਐਸੇ ਜੌਹਰ ਵਿਖਾਏ ਕਿ ਪਿਤਾ ਨੇ ਉਸ ਨੂੰ 'ਤੇਗ ਦਾ ਧਨੀ' ਦੇ ਉਪਨਾਮ ਨਾਲ ਵਡਿਆਇਆ ਅਤੇ ਤਿਆਗ ਮੱਲ ਦਾ ਨਾਂ 'ਤੇਗ ਬਹਾਦਰ' ਹੋ ਗਿਆ। ਐਨੇ ਗੁਣਾਂ ਦੇ ਮਾਲਕ ਤੇਗ ਬਹਾਦਰ, ਰੀਤ ਅਨੁਸਾਰ ਸਭ ਤੋਂ ਛੋਟੇ ਪੁੱਤ ਹੋਣ ਨਾਤੇ ਪਿਤਾਦੇ ਜੋਤੀ ਜੋਤ ਸਮਾਉਣ ਬਾਦ ਗੁਰਗੱਦੀ ਦੇ ਵਾਰਿਸ ਨਹੀਂ ਥਾਪੇ ਜਾ ਸਕਦੇ ਸਨ। ਗੁਰੂ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਦੀ ਮੌਤ ਤੋਂ ਬਾਅਦ ਵੱਡੇ ਪੁੱਤਰ ਛੇਵੇਂ ਗੁਰੂ ਹਰਰਾਇ ਜੀ ਹੋਏ, ਜਿਨ੍ਹਾਂ ਦੇ ਜੋਤੀ ਜੋਤ ਸਮਾਉਣ ਉਪਰੰਤ ਛੇ ਸਾਲ ਦੀ ਉਮਰ ਦੇ ਉਨ੍ਹਾਂ ਦੇ ਪੁੱਤਰ ਸ਼੍ਰੀ ਹਰਕ੍ਰਿਸ਼ਨ ਜੀ ਗੁਰਗੱਦੀ ਤੇ ਸ਼ੁਸੋਭਿਤ ਹੋਏ। ਸੰਨ 1664 ਵਿੱਚ ਨੌਂ ਸਾਲ ਦੀ ਉਮਰ ਵਿੱਚ ਉਹ ਜੋਤੀ ਜੋਤ ਸਮਾ ਗਏ। ਉਨ੍ਹਾਂ ਨੂੰ ਗੁਰਗੱਦੀ ਦੇ ਵਾਰਿਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸਿਰਫ਼ ਇਹ ਦੋ ਬੋਲ ਬੋਲੇ, 'ਬਾਬਾ ਬਕਾਲੇ'।

ਉਸ ਸਮੇਂ ਤੇਗ ਬਹਾਦਰ ਆਪਣੀ ਪਤਨੀ ਗੁਜਰੀ ਜੀ ਨਾਲ ਆਪਣੇ ਨਾਨਕੇ ਪਿੰਡ ਬਕਾਲੇ ਵਿਖੇ ਰਹਿੰਦੇ ਸਨ ਅਤੇ ਇਕਾਂਤਵਾਸ ਵਿੱਚ ਪ੍ਰਭੂ ਭਗਤੀ ਵਿੱਚ ਲੀਨ ਜੀਵਨ ਬਤੀਤ ਕਰ ਰਹੇ ਸਨ। ਗੁਰੂ ਘਰ ਦੇ ਸ਼ਰਧਾਲੂ ਮੱਖਣ ਸ਼ਾਹ ਲੁਬਾਣਾ ਨੇ 'ਗੁਰ ਲਾਧੋ ਰੇ' ਦਾ ਹੋਕਾ ਦੇ ਕੇ ਨੌਂਵੇਂ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਵਾਇਆ ਅਤੇ ਗੁਰੂ ਹਰਕ੍ਰਿਸ਼ਨ ਜੀ ਦੇ ਅਨਿਨ ਭਗਤ ਦੁਰਗਾ ਮੱਲ ਜੀ ਵਲੋਂ ਨੌਂਵੇਂ ਗੁਰੂ ਦੀ ਥਾਪਨਾ ਦਵਾਈ। ਸੋ ਗੁਰੂ ਤੇਗ ਬਹਾਦਰ ਜੀ ਨੇ ਕਰੀਬ 43 ਸਾਲ ਦੀ ਉਮਰ ਵਿੱਚ ਸੰਨ 1664 ਨੂੰ ਗੁਰਗੱਦੀ ਸੰਭਾਲੀ।

ਉਨ੍ਹਾਂ ਨੇ ਸਿੱਖੀ ਦਾ ਪ੍ਰਚਾਰ ਕਰਨ ਲਈ ਅਸਾਮ ਤੇ ਢਾਕਾ ਤੱਕ ਦੀਆਂ ਲੰਮੀਆਂ ਯਾਤਰਾ ਕੀਤੀਆਂ। ਸੰਨ 1666 ਨੂੰ ਪਟਨਾ ਵਿਖੇ ਪੁੱਤਰ ਗੋਬਿੰਦ ਰਾਏ ਦਾ ਜਨਮ ਹੋਇਆ। ਨਾਨਕੀ ਚੱਕ (ਅਜੋਕਾ ਆਨੰਦਪੁਰ ਸਾਹਿਬ) ਵਸਾ ਗੁਰੂ ਜੀ ਪ੍ਰਵਾਰ ਸਮੇਤ ਉੱਥੇ ਵੱਸ ਗਏ। ਧਰਮ ਦੇ ਨਾਂ ਤੇ ਔਰੰਗਜ਼ੇਬ ਦੇ ਜ਼ੁਲਮ ਦਿਨ-ਬਦਿਨ ਵੱਧ ਰਹੇ ਸਨ। ਇਸ ਸਮੇਂ ਕਿਸੇ ਧਰਮ ਦੇ ਰਾਖੇ ਦੀ ਕੁਰਬਾਨੀ ਦੀ ਲੋੜ ਦੀ ਗੱਲ ਉੱਠੀ ਤਾਂ ਬਾਲ ਗੋਬਿੰਦ ਦੇ ਬੋਲ ਕਿ 'ਆਪ ਜੀ ਤੋਂ ਵੱਡਾ ਧਰਮੀ ਕੌਣ ਹੈ?' ਨੇ ਗੁਰੂ ਜੀ ਦੀ ਸ਼ਹਾਦਤ ਦਾ ਮੁੱਢ ਬੰਨ੍ਹ ਦਿੱਤਾ। ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸਰੇ-ਬਜ਼ਾਰ ਲੋਕਾਂ ਦੀ ਅਥਾਹ ਭੀੜ ਦੇ ਸਾਹਮਣੇ 24 ਨਵੰਬਰ 1675 ਵਾਲੇ ਦਿਨ ਜਲਾਦ ਨੇ ਗੁਰੂ ਜੀ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ। (ਇਹ ਅਜੋਕਾ ਗੁਰਦੁਆਰਾ ਸੀਸ ਗੀਜ ਸਾਹਿਬ ਹੈ।)

ਇਹ ਕੋਹਝਾ ਕਾਰਜ ਆਮ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਕੀਤਾ ਗਿਆ ਸੀ, ਪਰ ਹੋਇਆ ਇਸ ਦੇ ਉਲਟ। ਇਹ ਸ਼ਹਾਦਤ ਸਿੱਖੀ ਕਦਰਾਂ ਕੀਮਤਾਂ ਦਾ ਮੂਲ ਸਿਧਾਂਤ ਬਣ ਗਈ ਜੋ ਕਿ ਭਵਿੱਖੀ ਨਸਲਾਂ ਲਈ ਜ਼ਬਰ ਤੇ ਜ਼ੁਲਮ ਦੇ ਵਿਰੁੱਧ ਸਿਰ ਚੁੱਕ ਖੜਾ ਹੋਣ ਦਾ ਪ੍ਰੇਰਨਾ ਸ੍ਰੋਤ ਬਣ ਗਿਆ। ਇਹ ਸੱਚ ਉਸੇ ਸਮੇਂ ਹੀ ਉਜਾਗਰ ਹੋ ਗਿਆ ਸੀ ਜਦੋਂ ਕਰੜੇ ਪਹਿਰੇ ਵਿਚੋਂ ਰਾਤ ਦੇ ਹਨੇਰੇ ਵਿੱਚ ਭਾਈ ਜੈਤਾ ਨਾਂ ਦਾ ਗੁਰੂ ਦਾ ਸਿੱਖ ਨਿਧੱੜਕ ਹੋ ਗੁਰੂ ਜੀ ਦਾ ਸੀਸ ਲੈ ਆਨੰਦਪੁਰ ਨੂੰ ਰਵਾਨਾ ਹੋ ਗਿਆ ਅਤੇ ਲੱਖੀ ਵਣਜਾਰੇ ਦੀ ਮਦਦ ਨਾਲ ਭਾਈ ਉਦੈ ਸਿੰਘ ਧੜ ਦਾ ਅੰਤਮ ਸੰਸਕਾਰ ਕਰਨ ਵਿੱਚ ਸਫ਼ਲ ਹੋ ਗਏ। (ਇਥੇ ਅੱਜ ਦਿੱਲੀ ਵਿੱਚ ਗੁਰਦੁਆਰਾ ਰਕਾਬ ਗੰਜ ਸਾਹਿਬ ਹੈ।) ਇਸ ਅਣਮਨੁੱਖੀ ਘਟਨਾ ਨੇ ਸਿੱਖਾਂ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਦਾ ਜਜ਼ਬਾ ਪੈਦਾ ਕਰ ਦਿੱਤਾ।

ਸਿੱਖ ਜਿਹੜਾ ਲੱਖਾਂ ਵਿੱਚੋਂ ਪਛਾਣਿਆ ਜਾ ਸਕੇ, ਜਿਸ ਦੀ ਆਪਣੀ ਇੱਕ ਦਿੱਖ ਹੋਵੇ। ਇਸ ਸ਼ਹਾਦਤ ਦਾ ਨੌਂ ਸਾਲ ਦੇ ਬਾਲਕ ਗੋਬਿੰਦ ਰਾਏ ਤੇ ਅਜਿਹਾ ਪ੍ਰਭਾਵ ਪਿਆ ਕਿ ਜ਼ੁਲਮ ਦਾ ਵਿਰੋਧ ਕਰਨ ਅਤੇ ਸਵੈ-ਰੱਖਿਆ ਦੀ ਲੋੜ ਲਈ 1699 ਦੀ ਵਿਸਾਖੀ ਵਾਲੇ ਦਿਨ ਉਸ ਨੇ ਸਿੱਖਾਂ ਨੂੰ ਤਿਆਰ ਬਰ ਤਿਆਰ ਖਾਲਸਾ ਦਾ ਰੂਪ ਦੇ ਕੇ ਖਾਲਸਾ ਪੰਥ ਦੀ ਸਾਜਨਾ ਕਰ ਦਿੱਤੀ। ਦੱਬੇ ਕੁੱਚਲੇ, ਡਰੇ ਹੋਏ ਲੋਕ ਜਿਨ੍ਹਾਂ ਨੇ ਸਦੀਆਂ ਤੋਂ ਜ਼ੁਲਮ ਸਹੇ ਸਨ, ਹੁਣ ਸ਼ੇਰ ਬਣ ਗੱਜਣ ਲਗੇ। ਵਿਸਾਖੀ ਦਾ ਕ੍ਰਿਸ਼ਮਈ ਦਿਹਾੜਾ ਉਸ ਲੋਕ-ਲਹਿਰ ਦਾ ਸਬੱਬ ਬਣ ਗਿਆ ਜੋ ਸਦੀਆਂ ਤੋਂ ਸਿਸਕ ਰਹੀ ਸੀ। 'ਚਿੜੀਓਂ ਸੇ ਮੈਂ ਬਾਜ਼ ਤੁੜਾਊਂ, ਸਵਾ ਲਾਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ॥' ਅਨੁਸਾਰ ਧੌਣ ਸੁੱਟ ਤੁਰਦੀ ਲੋਕਾਈ ਅੰਦਰ ਨਵੀਂ ਰੂਹ ਫੂਕ ਦਿੱਤੀ। 'ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥' ਜ਼ਬਰ ਜ਼ੁਲਮ ਦੀ ਥਾਂ ਪ੍ਰੇਮ ਤੇ ਸੇਵਾ ਨੇ ਗੁਰੂ ਅਤੇ ਸੰਗਤ ਦਰਮਿਆਨ ਸ਼ਰਧਾ ਦਾ ਰਿਸ਼ਤਾ ਕਾਇਮ ਕੀਤਾ। ਸਿੱਖ ਹੁਣ ਆਪਣੀ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਦੀ ਅਜ਼ਾਦੀ, ਹੱਕ ਤੇ ਇਨਸਾਫ਼ ਲਈ ਮੈਦਾਨੇ-ਜ਼ੰਗ ਵਿੱਚ ਸਿਰ ਧੜ ਦੀ ਬਾਜ਼ੀ ਲਾਉਣ ਲਗੇ। ਹੁਣ ਤੱਕ ਜੋ ਸਿੱਖ ਸ਼ਾਂਤੀ ਦੇ ਪੁੰਜ ਸਨ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਉਪਰੰਤ ਇੱਕ ਤਕੜੀ ਫ਼ੌਜੀ ਤਾਕਤ ਬਣ ਉਭਰਨ ਲਗੇ। ਸਮਾਜ ਵਿੱਚ ਗ਼ਜ਼ਬ ਦੀ ਜਾਗਰੂਕਤਾ ਆ ਗਈ।

ਗੁਰੂ ਜੀ ਦੀ ਸ਼ਹਾਦਤ ਨੇ ਆਮ ਜਨਤਾ ਵਿੱਚ ਰੋਹ ਤੇ ਬਦਲੇ ਦਾ ਬੀਜ ਬੀਜ ਦਿੱਤਾ ਸੀ। ਕੇਵਲ ਦੋ ਸਾਲ ਬਾਦ ਹੀ ਇਹ ਗੁੱਸੇ ਦੀ ਭਾਵਨਾ ਐਨੀ ਪ੍ਰਜਵਲਿਤ ਹੋ ਗਈ ਅਤੇ ਹੌਸਲਾ ਇਸ ਕਦਰ ਜ਼ੋਰ ਫੜ ਗਿਆ ਸੀ ਕਿ 19 ਅਕਤੂਬਰ 1677 ਨੂੰ ਇੱਕ ਗੁਰਸਿੱਖ ਵਲੋਂ ਔਰੰਗਜ਼ੇਬ ਤੇ ਤਲਵਾਰ ਨਾਲ ਹਮਲਾ ਕੀਤਾ ਗਿਆ ਸੀ। ਜਦੋਂ ਔਰੰਗਜ਼ੇਬ ਜਾਮਾ ਮਸਜਿਦ ਤੋਂ ਨਮਾਜ਼ ਪੜ੍ਹ ਕੇ ਜਮਨਾ ਨਦੀ ਪਾਰ ਕਰਕੇ ਘੋੜੇ ਤੇ ਸਵਾਰ ਹੋਣ ਲਗਾ ਤਾਂ ਬਿਜਲੀ ਦੀ ਫੁਰਤੀ ਨਾਲ ਉਸ ਨੌਜੁਆਨ ਨੇ ਔਰੰਗਜ਼ੇਬ ਤੇ ਵਾਰ ਕੀਤਾ। ਪਰ ਉਹ ਵਾਰ ਬਚਾ ਗਿਆ। ਇਸ ਗੁਰਸਿੱਖ ਬਾਰੇ ਇਤਿਹਾਸ ਵਿੱਚ ਕੋਈ ਜਾਣਕਾਰੀ ਨਹੀਂ ਮਿਲਦੀ। ਪਰ ਹਾਂ, ਖਾਫ਼ੀ ਖਾਨ ਦੇ ਮੁਆਸਰੇ ਆਲਮਗੀਰੀ ਵਿੱਚ ਇਸ ਦਾ ਜ਼ਿਕਰ ਕੀਤਾ ਗਿਆ ਹੈ। 'ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥' ਦੇ ਕਥਨ ਅਨੁਸਾਰ ਇਸ ਘਟਨਾ ਨੇ ਬਦਲੇ ਦੀ ਭਾਵਨਾ ਨੂੰ ਐਨਾ ਉਤੇਜਿਤ ਕਰ ਦਿੱਤਾ ਸੀ ਕਿ ਕੁੱਝ ਕੁ ਦਿਨਾਂ ਬਾਦ 27 ਅਕਤੂਬਰ 1677 ਨੂੰ ਇੱਕ ਨੌਜੁਆਨ ਨੇ ਔਰੰਗਜ਼ੇਬ ਦੇ ਦੋ ਇੱਟਾਂ ਵਗਾਹ ਮਾਰੀਆਂ। ਜ਼ੁਲਮ ਵਿਰੁੱਧ ਲੜਨ ਦੀ ਚਿਣਗ ਜ਼ੋਰ ਫੜਨ ਲਗ ਪਈ ਸੀ।

ਇਹੋ ਹੀ ਕਾਰਨ ਸੀ ਕਿ ਸਿੱਖ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਇੱਕ ਅਵਾਜ਼ ਤੇ ਇਕੱਠੀਆਂ ਹੋਣ ਲਗ ਪਈਆਂ। ਪ੍ਰਵਾਰ ਦੇ ਵੱਡੇ ਪੁੱਤਰ ਨੂੰ ਸਿੰਘ ਸਜਾਉਣ ਦੀ ਪ੍ਰਿਤ ਪੈ ਗਈ ਜੋ ਕਿ ਲੋਕ ਚੇਤਨਾ ਦਾ ਪ੍ਰਤੀਕ ਬਣ ਉਭਰੀ। ਸਿੱਖਾਂ ਦਾ ਠਾਠਾਂ ਮਾਰਦਾ ਸਮੁੰਦਰ ਸ਼ਾਮਲ ਹੋ ਜੰਗੀ ਮੁਸ਼ੱਕਤਾਂ ਕਰਨ ਲਗ ਪਿਆ।ਤਲਵਾਰਬਾਜ਼ੀ, ਨੇਜ਼ਾਬਾਜ਼ੀ, ਘੋੜਸੁਆਰੀ ਵਰਗੇ ਜੰਗੀ ਕਾਰਨਾਮਿਆਂ ਵਿੱਚ ਨਿਪੁੰਨ ਖਾਲਸਾ ਫ਼ੌਜ ਉੱਭਰਨ ਲਗੀ। ਗੁਰੂ ਵਲੋਂ ਬਖ਼ਸ਼ਿਸ਼ ਸਿੱਖਾਂ ਦੀ ਕੇਸ, ਕੰਘਾ ਕੜਾ ਕਛਹਿਰਾ ਤੇ ਕ੍ਰਿਪਾਨ ਵਾਲੀ ਵੱਖਰੀ ਦਿੱਖ ਨੇ ਸਿੱਖਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ। 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਵਾਲੀ ਸੱਚ ਦੀ ਸੋਚ ਨਾਲ ਓਤ ਪੋਤ ਸਿੱਖ, ਹੱਕ ਸੱਚ ਤੇ ਇਨਸਾਫ਼ ਲਈ ਜ਼ਾਬਰ ਦੇ ਜ਼ੁਲਮ ਦੇ ਵਿਰੁੱਧ ਨਿਰਭੈ ਹੋ ਜੂਝਣ ਲਗੇ। ਸਿੱਖਾਂ ਦਾ ਉੱਚਾ-ਸੁੱਚਾ ਧਰਮੀ ਜੀਵਨ ਹੋਰਨਾਂ ਲਈ ਪ੍ਰੇਨਾ ਸ੍ਰੋਤ ਬਣ ਗਿਆ।

ਸਮੁੱਚਾ ਸਮਾਜ ਇਸ ਨਵੀਂ ਉਦੈ ਹੋਈ ਕੌਮ ਵੱਲ ਆਪਣੀ ਸੁਰੱਖਿਆ ਲਈ ਤੱਕਣ ਲਗਾ। ਇਨ੍ਹਾਂ ਦੀ ਨਿਰਭੈ ਮੌਜੂਦਗੀ ਗਰੀਬ ਤੇ ਨਿਆਸਰੇ ਲੋਕਾਂ ਲਈ ਵੱਡੀ ਢਾਰਸ ਸਾਬਤ ਹੋਈ। ਲੋਕਾਂ ਦੇ ਦੁੱਖਾਂ ਤੇ ਮੁਸੀਬਤਾਂ ਦਾ ਨਿਵਾਰਣ ਹੋਣ ਲਗਾ। ਦੱਬੀ ਕੁਚਲੀ ਜਨਤਾ ਸਵੈਮਾਣ ਵਾਲੀ ਲੋਕ-ਧਾਰਾ ਵਿੱਚ ਬੱਝ ਗਈ। ਸਿੱਖਾਂ ਦੇ ਸੇਵਾ-ਭਾਵ, ਨਿਰਮਾਣਤਾ, ਦੂਜਿਆਂ ਦੇ ਕੰਮ ਆਉਣ ਦਾ ਚਾਅ, ਭੁੱਖੇ ਦੇ ਮੂੰਹ ਬੁਰਕੀ ਪਾਉਣਾ, ਜ਼ੁਲਮ ਦਾ ਮੁਕਾਬਲਾ ਸ਼ਾਂਤੀ ਨਾਲ ਕਰਨਾ ਵਰਗੇ ਗੁਣਾਂ ਅਤੇ ਸਿੱਖੀ ਦੇ ਵਿਲੱਖਣ ਆਚਾਰ-ਵਿਹਾਰ ਵਾਲਾ ਜੀਵਨ ਅਜੋਕੇ ਸਮੇਂ ਵਿੱਚ ਵੀ ਸਿੱਖਾਂ ਨੂੰ ਸਮੁੱਚੇ ਸਮਾਜ ਵਿੱਚ ਹਰਮਨ ਪਿਆਰਾ ਬਣਾਉਂਦਾ ਹੈ।

ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਿੱਖਾਂ ਵਿੱਚ ਇਨਕਲਾਬੀ ਬੀਜ ਪੈਦਾ ਹੋ ਗਏ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੜੇ ਨਾਲ ਬੈਰਾਗੀ ਮਾਧੋ ਦਾਸ ਤੋਂ ਸਿੰਘ ਸਜੇ ਬਾਬਾ ਬੰਦਾ ਸਿੰਘ ਬਹਾਦਰ ਬਣੇ। ਉਹ ਨਾਦੇੜ ਤੋਂ ਪੰਜ ਸਿੰਘ ਲੈ ਕੇ ਤੁਰਿਆ ਸੀ, ਰਸਤੇ ਵਿੱਚ ਇਨਕਲਾਬੀ ਜਾਗਰੂਕ ਲੋਕ ਨਾਲ ਜੁੜਦੇ ਗਏ ਅਤੇ ਇਨਕਲਾਬੀ ਪ੍ਰਵਾਨਿਆਂ ਦੀ ਇਸ ਫ਼ੌਜ਼ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਮਾਸੂਮ ਜ਼ਿੰਦਾਂ ਦੇ ਅਣਮਨੁੱਖੀ ਕਤਲ ਦਾ ਬਦਲਾ ਲਿਆ। ਬੰਦਾ ਸਿੰਘ ਬਹਾਦਰ ਨੇ ਜਗੀਰਦਾਰੀ ਦਾ ਖਾਤਮਾ ਕਰ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਖਾਲਸਾ-ਰਾਜ ਦਾ ਮੁੱਢ ਬੰਨ੍ਹਿਆ। ਹਕੂਮਤ ਸਿੱਖਾਂ ਤੋਂ ਥਰ ਥਰ ਕੰਬਣ ਲਗੀ। ਲੰਮਾ ਸਮਾਂ ਘੋੜਿਆਂ ਦੀਆਂ ਕਾਠੀਆਂ ਸਿੱਖਾਂ ਦਾ ਰੈਣ ਬਸੇਰਾ ਬਣੀਆਂ। ਸੰਨ 1799 ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿੱਚ ਖਾਲਸਾ ਰਾਜ ਦੀ ਸਥਾਪਨਾ ਕਰ ਦਿੱਤੀ। ਸਮਾਜਿਕ ਬਰਾਬਰੀ ਦਾ ਇਹ ਚਾਲੀ ਸਾਲਾਂ ਦਾ ਸ਼ਾਨਾਮੱਤਾ ਖਾਲਸਾ-ਰਾਜ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਮਿਲਦਾ ਹੈ।

ਗੁਜ਼ਰਦੇ ਸਮਿਆਂ ਨਾਲ ਕਦੇ ਗਦਰੀ ਬਾਬੇ ਅਤੇ ਕਦੇ ਭਗਤ ਸਿੰਘ ਵਰਗੇ ਦੇਸ਼ ਭਗਤ ਦੇਸ਼ ਦੀ ਅਜ਼ਾਦੀ ਲਈ ਇਨਕਲਾਬ ਦਾ ਨਾਹਰਾ ਬਣ ਗੂੰਜੇ ਅਤੇ ਸ਼ਹਾਦਤਾਂ ਦਿੱਤੀਆਂ। ਇਸ ਸੋਚ ਦਾ ਪ੍ਰਭਾਵ ਸਿੱਖਾਂ ਨੇ ਹੀ ਨਹੀਂ ਕਬੂਲਿਆ, ਗੈਰ-ਸਿੱਖ ਵੀ ਇਸ ਇਨਕਲਾਬੀ ਸੋਚ ਤੋਂ ਪ੍ਰੇਰਿਤ ਹੋ ਸਮੇਂ ਦੇ ਹਾਣੀ ਬਣ ਖੜੋਤੇ। ਕਦੇ ਇਹ ਲੋਕ-ਸਮੂਹ ਕਿਸਾਨੀ ਘੋਲ ਬਣ ਸਮਾਜਿਕ ਕ੍ਰਾਂਤੀ ਬਣ ਉਭਰੇ ਅਤੇ ਜਦੋਂ ਲੋੜ ਪਈ ਤਾਂ ਮਾਰੋ ਮਾਰ ਕਰਦੇ ਹੜ੍ਹ ਦੀ ਤ੍ਰਾਸਦੀ ਨੂੰ ਨਜਿੱਠਣ ਲਈ ਸਿਰ ਧੜ ਦੀ ਬਾਜ਼ੀ ਲਾਉਣ ਤੋਂ ਗੁਰੇਜ਼ ਨਹੀਂ ਕੀਤਾ। ਖਾਸ ਤੌਰ ਤੇ ਸਿੱਖਾਂ ਅਤੇ ਆਮ ਤੌਰ ਤੇ ਸਮੁੱਚੇ ਪੰਜਾਬੀਆਂ ਵਿੱਚ ਲੋਕ ਭਲਾਈ, ਦੇਸ਼ ਭਗਤੀ ਤੇ ਹੱਕ ਸੱਚ ਲਈ ਡੱਟ ਜਾਣ ਦਾ ਜਜ਼ਬਾ ਖੂਨ ਵਿੱਚ ਹੀ ਹੈ। ਪੰਜਾਬ ਦੀ ਮਿੱਟੀ ਦਾ ਇਹ ਖਾਸਾ ਗੁਰੂਆਂ ਦੀ ਬਖਸ਼ਿਸ਼ ਹੈ।

ਸਮੁੱਚਤਾ ਵਿੱਚ ਆਖੀਏ ਤਾਂ ਗੁਰੂ ਤੇਗ ਬਹਾਦਰ ਜੀ ਦਾ ਸਾਢੇ ਤਿੰਨ ਸੌ ਸਾਲ ਪਹਿਲਾਂ ਇਸ ਤਰ੍ਹਾਂ ਮਨੁੱਖੀ ਹੱਕਾਂ ਅਤੇ ਇਨਸਾਫ਼ ਲਈ ਜ਼ਾਬਰ ਦੇ ਜ਼ੁਲਮ ਵਿਰੁੱਧ ਡੱਟ ਕੇ ਖੜੇ ਹੋ ਜਾਣਾ, ਆਪਣੀ ਜਾਨ ਦੀ ਪ੍ਰਵਾਹ ਨਾ ਕਰਨਾ ਤੇ ਕੁਰਬਾਨ ਹੋ ਜਾਣਾ, ਸ਼ੁਰੂਆਤ ਸੀ ਇਨ੍ਹਾਂ ਅਜੋਕੀਆਂ ਸੰਸਥਾਵਾਂ ਦੀ ਜੋ ਸੰਸਾਰ ਭਰ ਵਿੱਚ ਮਨੁੱਖੀ ਹੱਕਾਂ, ਧਾਰਮਿਕ ਅਜ਼ਾਦੀ ਅਤੇ ਸਮੱਚੀ ਮਨੁੱਖਤਾ ਦੇ ਮਾਣ-ਸਨਮਾਨ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਲੈਣ ਵਾਲੀਆਂ ਧਾਰਨਾਵਾਂ ਦਾ ਦਾਹਵਾ ਕਰਦੀਆਂ ਹਨ। ਗੁਰੂ ਸਾਹਿਬ ਦੀ ਸ਼ਹਾਦਤ ਦੇ ਸਾਢੇ ਤਿੰਨ ਸੌ ਸਾਲਾਂ ਨੂੰ ਨਤਮਸਤਕ ਹੋ, ਆਓ! ਆਪਾਂ ਸਾਰੇ ਮਨੁੱਖੀ ਹੱਕਾਂ ਦੇ ਮੋਢੀ ਗੁਰੂ ਤੇਗ ਬਹਾਦਰ ਸਾਹਿਬ ਦੀ ਸੋਚ ਨੂੰ ਤਨੋ ਮਨੋ ਅਪਣਾਈਏ। ਅਰਦਾਸ ਕਰੀਏ ਕਿ ਗੁਰੂ ਸਾਨੂੰ ਅਤੇ ਸਾਡੀ ਸੰਤਾਨ ਨੂੰ ਹਮੇਸ਼ਾਂ ਹੱਕ, ਸੱਚ ਤੇ ਇਨਸਾਫ਼ ਸੰਗ ਖੜੇ ਹੋਣ ਦਾ ਬਲ ਬਖਸ਼ੇ।

# ਗੁਰੂ ਤੇਗ ਬਹਾਦਰ ਜੀ ਦਾ ਜੀਵਨ ਸੰਦੇਸ਼

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਅੱਜ ਅਸੀਂ ਨੌਵੇਂ ਪਾਤਸ਼ਾਹ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ।



ਨੌਵੀਂ ਨਾਨਕ ਜੋਤ ਗੁਰੂ ਤੇਗ ਬਹਾਦਰ ਜੀ ਦਾ ਜਨਮ ਅਪਰੈਲ 1621 ਅਤੇ ਸ਼ਹਾਦਤ ਨਵੰਬਰ 1675 ਨੂੰ ਹੁੰਦੀ ਹੈ ਜਦ ਕਿ ਗੁਰੂ ਜੀ 54 ਵਰਿਆਂ ਦੇ ਸਨ। ਉਨ੍ਹਾਂ ਦਾ ਜੀਵਨ ਸਾਡੇ ਲਈ ਪ੍ਰੇਰਣਾਮਈ ਸਰੋਤ ਹੈ। ਉਹ ਇਕ ਅਦੁਤੀ ਸ਼ਖਸ਼ੀਅਤ ਦੇ ਮਾਲਕ ਸਨ, ਜਿਸ ਨੂੰ ਜੇ ਵੱਖ ਵੱਖ ਪਹਿਲੂਆਂ ਤੋਂ ਵਿਚਾਰਿਆ ਜਾਵੇ ਤਾਂ ਉਸ ਤੋਂ ਇੱਕ ਸੁਚੱਜਾ ਜੀਵਨ ਜਿਉਣ ਦੀ ਜਾਚ ਮਿਲਦੀ ਹੈ। ਉਹਨਾਂ ਦੇ ਜੀਵਨ ਅਤੇ ਬਾਣੀ ਤੋਂ ਸਾਨੂੰ ਕੀ ਸੰਦੇਸ਼ ਮਿਲਦੇ ਹਨ।

*1. ਦਇਆਵਾਨ ਤੇ ਤਿਆਗੀ ਹੋਣਾ*

ਗੁਰੂ ਤੇਗ ਬਹਾਦਰ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ। ਉਹ ਬਚਪਨ ਤੋਂ ਹੀ ਬਹੁਤ ਗਹਿਰ ਗੰਭੀਰ, ਕੋਮਲ ਚਿੱਤ, ਦਇਆ ਅਤੇ ਤਿਆਗ ਦੀ ਮੂਰਤ ਸਨ। ਉਹ ਅਜੇ ਚਾਰ ਸਾਲ ਦੇ ਹੀ ਸਨ ਜਦ ਉਹਨਾਂ ਦੇ ਸਭ ਤੋਂ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦਾ ਵਿਆਹ ਸੀ। ਮਾਤਾ ਨਾਨਕੀ ਜੀ ਨੇ ਬੜੀ ਮਹਿੰਗੀ ਗਰਮ ਪੌਸ਼ਾਕ ਇਹਨਾਂ ਲਈ ਬਣਵਾ ਕੇ ਪਾਈ। ਸਰਦੀ ਦਾ ਮੌਸਮ ਸੀ, ਬਰਾਤ ਰੱਥ ਘੋੜੇ ਹਾਥੀਆਂ ਤੇ ਜਾ ਰਹੀ ਸੀ। ਰਸਤੇ ਵਿੱਚ ਲੋਕ ਘਰਾਂ ਤੋਂ ਬਾਹਰ ਸੜਕ ਤੇ ਬਰਾਤ ਦੇਖਣ ਲਈ ਆ ਗਏ। ਉਹਨਾਂ ਵਿੱਚ ਇੱਕ ਬੱਚਾ ਵੀ ਖੜ੍ਹਾ ਸੀ ਜੋ ਸਰਦੀ ਨਾਲ ਕੰਬ ਰਿਹਾ ਸੀ। ਆਪ ਜੀ ਦਾ ਧਿਆਨ ਉਸ ਬੱਚੇ ਜੀ ਤਰਸਯੋਗ ਹਾਲਤ ਵੱਲ ਗਿਆ ਤਾਂ ਆਪ ਜੀ ਨੇ ਆਪਣੀ ਗਰਮ ਪੌਸ਼ਾਕ ਲਾਹ ਕੇ ਉਸਨੂੰ ਦੇ ਦਿੱਤੀ।

ਸੋ ਬਾਲਕ ਹੁੰਦਿਆਂ ਵੀ ਉਹਨਾਂ ਕੋਲੋਂ ਕਿਸੇ ਦਾ ਨੰਗੇਜ ਬਰਦਾਸ਼ਤ ਨਹੀਂ ਹੋਇਆ। ਇਸ ਤਰ੍ਹਾਂ ਦੇ ਤਿਆਗ ਦੀ ਮਿਸਾਲ ਸਾਨੂੰ ਦੁਨੀਆਂ ਦੇ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਇਸ ਘਟਨਾ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਲੋੜਵੰਦਾਂ ਦੀ ਹਾਲਤ ਮਦਦ ਅਤੇ ਦਇਆ ਦਾ ਗੁਣ ਧਾਰਨ ਕਰੀਏ।

*2. ਸੁਚੱਜਾ ਗ੍ਰਹਿਸਤ ਜੀਵਨ*

ਗੁਰੂ ਸਾਹਿਬ ਭਾਵੇਂ ਪ੍ਰਭੂ ਭਗਤੀ ਵਿੱਚ ਲੀਨ ਅਤੇ ਤਿਆਗੀ ਸੁਭਾਅ ਦੇ ਸਨ ਪਰ ਉਹ ਨਿਰਾਸ਼ ਜਾਂ ਉਪਰਾਮ ਨਹੀਂ ਸਨ। ਉਹਨਾਂ ਦੀ ਬਾਣੀ ਤਿਆਗ, ਵੈਰਾਗ ਅਤੇ ਅਨੁਰਾਗ ਦਾ ਸੁਮੇਲ ਹੈ। ਉਹ ਤਿਆਗੀ ਸਨ– ਲਾਲਚ, ਮੋਹ ਮਾਇਐ, ਪਦਾਰਥਾਂ, ਝੂਠੇ ਮਾਣ ਅ ਤੇ ਹਉਮੈ ਦੇ। ਗਉੜੀ ਰਾਗ ਵਿਚ ਵਾਕ ਹੈ –

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ
ਅਹਿਨਿਸ ਭਾਗਉ॥ ਰਹਾਉ॥ (ਅੰਗ 219)

ਉਨਾਂ ਨੇ ਗ੍ਰਹਿਸਤ ਤੋਂ ਮੂੰਹ ਨਹੀਂ ਮੋੜਿਆ। ਸ਼ਾਦੀ ਕਰਾ ਕੇ ਮਾਤਾ ਗੁਜਰੀ ਜੀ ਅਤੇ ਆਪਣੇ ਮਾਤਾ (ਨਾਨਕੀ ਜੀ) ਨੂੰ ਪ੍ਰਚਾਰ ਦੌਰਿਆਂ ਸਮੇਂ ਆਪਣੇ ਨਾਲ ਹੀ ਰੱਖਿਆ। ਇੱਕ ਆਗਿਆਕਾਰ ਪੁੱਤਰ, ਇਕ ਸਤਿਕਾਰਯੋਗ ਪਤੀ, ਅਤੇ ਇੱਕ ਸੂਝਵਾਨ ਪਿਤਾ ਹੋਣ ਦੇ ਸਾਰੇ ਫਰਜ਼ ਬਾਖ਼ੂਬੀ ਨਿਭਾਏ। ਨਾ ਤਾਂ ਉਹ ਬਾਬਾ ਸ੍ਰੀ ਚੰਦ ਜੀ ਵਾਂਗ ਉਦਾਸੀ ਬਣੇ ਅਤੇ ਨਾ ਹੀ ਬੁੱਧ ਜਾਂ ਜੋਗ ਮੱਤ ਵਾਲਿਆਂ ਵਾਂਗ ਪਰਿਵਾਰ ਨੂੰ ਤਿਆਗਿਆ। ਜਦੋਂ ਛੇਵੇਂ ਪਾਤਸ਼ਾਹ ਨੇ ਆਪਣੇ ਵੱਡੇ ਬੇਟੇ ਬਾਬਾ ਗੁਰਦਿੱਤਾ ਜੀ ਦੇ ਪੁੱਤਰ, ਸ੍ਰੀ ਹਰਿ ਰਾਇ ਜੀ ਨੂੰ ਗੁਰਗੱਦੀ ਸੌਂਪ ਕੇ, ਗੁਰੂ ਤੇਗ ਬਹਾਦਰ ਜੀ ਨੂੰ ਬਾਬੇ ਬਕਾਲੇ ਜਾਣ ਲਈ ਕਿਹਾ, ਤਾਂ ਆਪ ਜੀ ਨੇ ਇਹ ਹੁਕਮ ਸਿਰ ਮੱਥੇ ਮੰਨਿਆਂ ਅਤੇ ਪਰਿਵਾਰ ਸਮੇਤ ਉੱਥੇ ਚਲੇ ਗਏ। ਉਹਨਾਂ ਨੇ ਗ੍ਰਹਿਸਤ ਵਿਚ ਰਹਿੰਦਿਆਂ, ਅਧਿਆਤਮਕ ਬੁਲੰਦੀਆਂ ਨੂੰ ਛੂਹਿਆ। ਆਸਾਮ ਦੇ ਪ੍ਰਚਾਰ ਦੌਰੇ ਸਮੇਂ ਮਾਤਾ ਗੁਜਰੀ ਜੀ ਨੂੰ ਪਟਨਾ ਸਾਹਿਬ ਗੋਬਿੰਦ ਰਾਇ ਜੀ ਦੇ ਮਾਮਾ ਜੀ ਕਿਰਪਾਲ ਚੰਦ ਅਤੇ ਮਾਤਾ ਨਾਨਕੀ ਜੀ ਨੂੰ, ਮਾਤਾ ਗੁਜਰੀ ਜੀ ਦਾ ਪੂਰਾ ਧਿਆਨ ਰੱਖਣ ਲਈ ਹਿਦਾਇਤ ਦਿੱਤੀ। ਇਹ ਸਿੱਖਿਆ ਹੈ ਕਿ ਧਰਮ ਲਈ ਪਰਿਵਾਰ ਰੁਕਾਵਟ ਨਹੀਂ ਹੈ- ਸਗੋਂ ਪਰਿਵਾਰ ਤੁਹਾਡੇ ਇਸ ਮਾਰਗ ਵਿੱਚ ਸਹਾਈ ਹੁੰਦਾ ਹੈ।

*3. ਨਿਡਰ ਤੇ ਬਹਾਦਰ ਹੋਣਾ*

ਉਹਨਾਂ ਦਾ ਬਚਪਨ ਦਾ ਨਾਮ 'ਤਿਆਗ ਮੱਲ' ਸੀ। ਪਰ ਕਰਤਾਰਪੁਰ ਦੀ ਜੰਗ ਸਮੇਂ 14 ਸਾਲ ਦੀ ਉਮਰ ਵਿੱਚ ਹੀ ਉਹਨਾਂ ਨੇ ਤੇਗ ਦੇ ਐਸੇ ਜੌਹਰ ਦਿਖਾਏ ਕਿ ਪਿਤਾ ਗੁਰੂ ਹਰਗੋਬਿੰਦ ਜੀ ਨੇ ਖੁਸ਼ ਹੋ ਕੇ ਇਹਨਾਂ ਦਾ ਨਾਮ 'ਤੇਗ ਬਹਾਦਰ' ਰੱਖ ਦਿੱਤਾ ਅਤੇ ਬਹਾਦਰੀ ਦਾ ਖਿਤਾਬ ਦਿੱਤਾ।

54 ਸਾਲ ਦੀ ਉਮਰ ਵਿੱਚ ਜ਼ੁਲਮ ਜਬਰ ਦੇ ਵਿਰੁੱਧ ਅਡੋਲ ਹੋ ਕੇ ਕੁਰਬਾਨੀ ਦੇਣੀ ਇਸ ਵੱਡੀ ਬਹਾਦਰੀ ਦੀ ਮਿਸਾਲ ਹੈ। ਉਹ ਨਾ ਡਰਦੇ ਸਨ ਤੇ ਨਾ ਹੀ ਕਿਸੇ ਨੂੰ ਡਰਾਉਂਦੇ ਸਨ। ਬਾਬੇ ਬਕਾਲੇ ਵਿੱਚ ਉਹ ਧੀਰਮੱਲ ਵੱਲੋਂ ਚਲਵਾਈ ਗੋਲੀ ਤੋਂ ਅਤੇ ਔਰੰਗਜ਼ੇਬ ਦੇ ਜ਼ੁਲਮ ਤੋਂ ਨਹੀਂ ਡਰੇ। ਉਨ੍ਹਾਂ ਨੇ ਨਿਡਰਤਾ ਦਾ ਬੀਜ ਬੀਜਿਆ ਸੀ ਅਤੇ ਕਿਹਾ ਕਿ ਜੇ ਡਰਾਉਣ ਵਾਲਾ ਜਾਬਰ ਹੈ ਤਾਂ ਡਰਨ ਵਾਲਾ ਵੀ ਕਾਇਰ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ (ਅੰਗ 1427)

ਸਾਨੂੰ ਵੀ ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਯੋਧਿਆਂ ਦੀਆਂ ਗਾਥਾਵਾਂ ਸਿਖਾ ਕੇ ਬਹਾਦੁਰ ਬਣਾਉਣ ਦੀ ਲੋੜ ਹੈ। ਕਮਜ਼ੋਰ ਇਨਸਾਨ ਨਾ ਆਪਣੀ ਹਿਫਾਜ਼ਤ ਤੇ ਨਾ ਹੀ ਕਿਸੇ ਹੋਰ ਦੀ ਮਦਦ ਕਰ ਸਕਦਾ ਹੈ।

*4. ਮੌਤ ਦੇ ਭੈਅ ਤੋਂ ਮੁਕਤ ਹੋ ਕੇ ਅਣਖ ਨਾਲ ਜਿਉਣਾ*

ਗੁਰੂ ਜੀ ਦੀ ਆਤਮਕ ਅਵਸਥਾ ਇੰਨੀ ਉੱਚੀ ਤੇ ਬਲਵਾਨ ਸੀ ਕਿ ਉਹ ਮੌਤ ਦੇ ਡਰ ਤੋਂ ਮੁਕਤ ਸਨ। ਉਨਾਂ ਨੇ ਲੋਕਾਂ ਦੇ ਮਨਾਂ ਵਿੱਚੋਂ ਵੀ ਮੌਤ ਦਾ ਭੈਅ ਕੱਢਿਆ। ਉਨ੍ਹਾਂ ਦੇ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੇ ਵੀ ਅਡੋਲ ਰਹਿ ਕੇ ਮੌਤ ਲਾੜੀ ਨੂੰ ਵਿਆਹਿਆ।

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ
ਕੋਇ॥ (ਅੰਗ 1429)

ਜਿਨ੍ਹਾਂ ਦੇ ਹਿਰਦਿਆਂ ਵਿੱਚ ਗੁਰੂ ਜੀ ਦੇ ਇਹ ਸਲੋਕ ਵੱਸ ਜਾਣ, ਉਹ ਆਪਣੀ ਜਾਨ ਬਚਾਉਣ ਦੀ ਖਾਤਰ ਆਪਣਾ ਧਰਮ ਇਮਾਨ ਦਾਅ ਤੇ ਨਹੀਂ ਲਾਉਂਦੇ। ਉਹਨਾਂ ਨੇ ਸਾਨੂੰ ਅਣਖ ਨਾਲ ਜਿਉਣਾ ਮਰਨਾ ਸਿਖਾਇਆ ਕਿਉਂਕਿ ਮੌਤ ਇੱਕ ਅਟੱਲ ਸੱਚਾਈ ਹੈ ਤੇ ਇਸ ਤੋਂ ਡਰਨ ਦੀ ਲੋੜ ਨਹੀਂ।ਜ਼ਾਲਿਮ ਹਕੂਮਤ  ਉਸ ਵੇਲੇ ਕਮਜ਼ੋਰ ਤੇ ਨਿਤਾਣੇ ਲੋਕਾਂ ਨੂੰ ਲਾਲਚ ਜਾਂ ਮੌਤ ਦਾ ਡਰ ਦੇ ਕੇ ਧਰਮ ਤਬਦੀਲ ਕਰਾਉਂਦੀ ਸੀ। ਗੁਰੂ ਸਾਹਿਬ ਨੂੰ ਲਾਲਚ ਤੇ ਡਰ ਦਿੱਤੇ ਗਏ ਪਰ ਉਹ ਡੋਲੇ ਨਹੀਂ। ਗੁਰੂ ਨਾਨਕ ਦੀ ਜੋਤ ਨੂੰ ਮੌਤ ਦਾ ਕਾਹਦਾ ਡਰ! ਉਹ ਤਾਂ ਸਗੋਂ ਲੋਕਾਈ ਨੂੰ ਮੌਤ ਦੇ ਭੈਅ ਤੋਂ ਮੁਕਤ ਕਰਨ ਲਈ ਆਈ ਹੈ। ਪਾਤਸ਼ਾਹ ਨੇ ਬਾਣੀ ਵਿੱਚ ਇੱਕ ਪਰਮਾਤਮਾ ਨਾਲ ਜੁੜ ਕੇ ਮੌਤ ਦੀ ਅਟੱਲ ਸਚਾਈ ਨੂੰ ਮੰਨਣ ਦਾ ਉਪਦੇਸ਼ ਦਿੱਤਾ। ਅੱਜ ਕੁਝ ਲੋਕ ਲਾਲਚ ਵੱਸ ਜਾਂ ਡਰਾਵੇ ਕਾਰਨ ਆਪਣਾ ਈਮਾਨ ਬਦਲਣ ਲਈ ਤਿਆਰ ਹੋ ਜਾਂਦੇ ਹਾਂ। ਅੱਜ ਲੋੜ ਹੈ ਗੁਰੂ ਸਾਹਿਬ ਦੇ ਸੰਦੇਸ਼ ਤੇ ਅਮਲ ਕਰਕੇ, ਧਰਮ, ਇਨਸਾਫ ਅਤੇ ਸੱਚਾਈ 'ਤੇ, ਦਲੇਰੀ ਨਾਲ ਡੱਟ ਕੇ ਪਹਿਰਾ ਦੇਣ ਦੀ।

*5. ਤੀਖਣ ਬੁੱਧੀ ਦੇ ਮਾਲਕ ਤੇ ਦੂਰ ਅੰਦੇਸ਼*

ਗੁਰੂ ਸਾਹਿਬ ਬਚਪਨ ਤੋਂ ਹੀ ਤੀਖਣ ਬੁੱਧੀ ਦੇ ਮਾਲਕ ਸਨ। 13 ਸਾਲ ਦੀ ਉਮਰ ਤੱਕ ਹੀ ਆਪ ਸਾਹਿਤ, ਸੰਗੀਤ, ਇਤਿਹਾਸ, ਦਰਸ਼ਨ, ਅਤੇ ਸ਼ਸਤਰ ਵਿਦਿਆ ਵਿੱਚ ਨਿਪੁੰਨ ਹੋ ਗਏ।ਸਿੱਖਾਂ ਲਈ ਇੱਕ ਮਜ਼ਬੂਤ ਧਾਰਮਿਕ ਕੇਂਦਰ ਦੀ ਸਥਾਪਨਾ ਕੀਤੀ।

ਕੋਹਿਲੂਰ ਦੀ ਰਾਣੀ ਤੋਂ ਮਾਖੋਵਾਲ ਸਮੇਤ ਤਿੰਨ ਪਿੰਡਾਂ ਦੀ ਜ਼ਮੀਨ ਮੁੱਲ ਖਰੀਦ ਕੇ, 19 ਜੂਨ 1665 ਨੂੰ ਬਾਬਾ ਬੁੱਢਾ ਜੀ ਦੇ ਪੋਤੇ ਭਾਈ ਗੁਰਦਿੱਤਾ ਜੀ ਤੋਂ ਟੱਕ ਲਵਾ ਕੇ, ਅਨੰਦਪੁਰ ਸਾਹਿਬ ਦੀ ਨੀਂਹ ਰੱਖੀ – ਜਿਸ ਦਾ ਨਾਮ 'ਚੱਕ ਨਾਨਕੀ' ਰੱਖਿਆ। ਅਨੰਦਪੁਰ ਸ਼ਹਿਰ ਦਾ ਨਕਸ਼ਾ ਆਪ ਤਿਆਰ ਕੀਤਾ ਅਤੇ ਕੀਰਤਨੀ ਸਿੰਘਾਂ ਦੇ ਪਰਿਵਾਰਾਂ ਸਮੇਤ ਵੱਖ ਵੱਖ ਕਿੱਤਿਆਂ ਵਾਲੇ ਲੋਕਾਂ ਨੂੰ ਇੱਥੇ ਵਸਾਇਆ।

ਉਹ ਜਾਣਦੇ ਸਨ ਕਿ ਆਣ ਵਾਲੇ ਸਮੇਂ ਵਿੱਚ ਸਿੱਖਾਂ ਨੂੰ ਕਿਲ੍ਹਾ-ਬੰਦੀ ਦੀ ਲੋੜ ਪਏਗੀ ਤੇ ਪਹਾੜੀਆਂ ਵਿੱਚ ਇਹ ਰਮਣੀਕ ਵਾਦੀ ਢੁਕਵੀਂ ਰਹੇਗੀ। ਛੇ ਸਾਲ ਵਿੱਚ ਹੀ 'ਚੱਕ ਨਾਨਕੀ' 'ਅਨੰਦਾਂ ਦੀ ਪੁਰੀ' ਬਣ ਗਿਆ। ਉਨ੍ਹਾਂ ਨੇ ਬੇਟੇ ਗੋਬਿੰਦ ਰਾਇ ਨੂੰ ਵੀ ਨੌਂ ਸਾਲ ਦੀ ਉਮਰ ਤੱਕ ਹੀ, ਸੰਗੀਤ ਤੇ ਕਈ ਭਾਸ਼ਾਵਾਂ ਤੋ ਇਲਾਵਾ, ਯੁੱਧ ਨੀਤੀ ਅਤੇ ਸ਼ਸਤਰ ਵਿੱਦਿਆ ਵਿੱਚ ਵੀ ਨਿਪੁੰਨ ਕਰ ਦਿੱਤਾ। ਸਾਨੂੰ ਵੀ ਲੋੜ ਹੈ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਹੁੱਨਰ ਸਿਖਾਈਏ ਅਤੇ ਸਿੱਖੀ ਦੀਆਂ ਜੜ੍ਹਾਂ ਨਾਲ ਜੋੜੀਏ।

*6. ਕਰਾਮਾਤ ਤੋਂ ਇਨਕਾਰ, ਅਡੋਲ ਅਵਸਥਾ*

ਸ਼ਹਾਦਤ ਤੋਂ ਪਹਿਲਾਂ ਗੁਰੂ ਸਾਹਿਬ ਦੇ ਤਿੰਨ ਸਿੰਘਾਂ ਨੂੰ, ਗੁਰੂ ਸਾਹਿਬ ਦੀਆਂ ਦੇ ਸਾਹਮਣੇ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਪਰ ਉਹ ਅਡੋਲ ਰਹੇ। ਕਾਜ਼ੀ ਨੇ ਪੁੱਛਿਆ ਕਿ- 'ਤੁਹਾਨੂੰ ਆਪਣੇ ਪਿਆਰੇ ਸਿੱਖਾਂ ਦੀ ਮੌਤ ਦਾ ਦੁੱਖ ਨਹੀਂ ਹੋਇਆ?' ਉਹਨਾਂ ਬੜੀ ਸਹਿਜਤਾ ਨਾਲ ਉੱਤਰ ਦਿੱਤਾ – 'ਜਦੋਂ ਕਿਸੇ ਉਸਤਾਦ ਦਾ ਸ਼ਾਗਿਰਦ ਇਮਤਿਹਾਨ ਚੋਂ ਪਾਸ ਹੋਵੇ, ਤਾਂ ਉਸਤਾਦ ਨੂੰ ਖੁਸ਼ੀ ਹੁੰਦੀ ਹੈ- ਗਮ ਨਹੀਂ!'

ਅਖੀਰ ਗੁਰੂ ਸਾਹਿਬ ਅੱਗੇ ਤਿੰਨ ਕੱਕੇ ਰੱਖੇ ਗਏ– ਕਲਮਾ ਪੜ੍ਹੋ ਜਾਂ ਕਰਾਮਾਤ ਦਿਖਾਓ, ਨਹੀਂ ਤਾਂ ਕਤਲ ਹੋਣ ਲਈ ਤਿਆਰ ਹੋ ਜਾਓ। ਜੇ ਉਹ ਕੋਈ ਕਰਾਮਾਤ ਦਿਖਾ ਦਿੰਦੇ ਤਾਂ ਉਹਨਾਂ ਨੇ ਮੁਸਲਮਾਨਾਂ ਦੇ ਪੀਰ ਹੋ ਜਾਣਾ ਸੀ, ਪਰ ਉਹਨਾਂ ਕਿਹਾ ਕਿ 'ਕਰਾਮਾਤ ਕਹਿਰ ਹੈ!'

ਉਹਨਾਂ ਕੋਲ ਆਤਮਕ ਬਲ ਸੀ, ਪਰ ਸਭ ਕੁਝ ਹੁੰਦਿਆਂ ਹੋਇਆਂ, ਉਹ ਇਸ ਦੇ ਦਿਖਾਵੇ ਦੇ ਵਿਰੁੱਧ ਸਨ। ਉਹਨਾਂ ਦਾ ਜਵਾਬ ਸੀ ਕਿ - ਕਲਮਾ ਪੜ੍ਹਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਕਰਾਮਾਤ ਕਹਿਰ ਹੈ, ਅਤੇ ਕਤਲ ਹੋਣ ਲਈ ਤਾਂ ਅਸੀਂ ਤਿਆਰ ਹਾਂ। ਅਜਿਹੀ ਅਡੋਲ ਅਵਸਥਾ ਉਹੀ ਪ੍ਰਾਪਤ ਕਰ ਸਕਦਾ ਹੈ, ਜਿਸ ਨੇ ਆਪਣੇ ਮਨ ਨੂੰ ਉਸ ਜੋਤ ਸਰੂਪ ਮੂਲ ਨਾਲ ਜੋੜਿਆ ਹੋਵੇ। ਆਪਾਂ ਵੀ ਮਨ ਦੀਆਂ ਤ੍ਰਿਸ਼ਨਾਵਾਂ ਤੇ ਕਾਬੂ ਪਾ ਕੇ ਸਹਿਜ ਅਵਸਥਾ ਵੱਲ ਕਦਮ ਪੁੱਟੀਏ। ਅਜੋਕੇ ਸਮੇਂ ਵਿੱਚ ਸਾਨੂੰ ਵੀ ਕਰਾਮਾਤੀ ਸ਼ਕਤੀਆਂ ਦਿਖਾਉਣ ਵਾਲੇ ਪਖੰਡੀਆਂ ਤੋਂ ਸੁਚੇਤ ਹੋਣ ਦੀ ਲੋੜ ਹੈ। ਗੁਰਮਤਿ ਵਿੱਚ ਕਰਾਮਾਤ ਦਿਖਾਉਣੀ ਵਰਜਿਤ ਹੈ।

*7. ਮਨੁੱਖੀ ਹੱਕਾਂ ਦੀ ਵਕਾਲਤ*

ਗੁਰੂ ਜੀ ਦੀ ਸ਼ਹਾਦਤ ਸੰਸਾਰ ਦੀ ਵਿਲੱਖਣ ਤੇ ਅਣਹੋਣੀ ਘਟਨਾ ਅਤੇ ਮਨੁੱਖੀ ਹੱਕਾਂ ਦੀ ਵਕਾਲਤ ਕਰਨ ਵਾਲੀ, ਧਰਮਾਂ ਦੀ ਆਜ਼ਾਦੀ ਲਈ ਕੁਰਬਾਨੀ ਸੀ। ਹੈਰਾਨੀ ਦੀ ਗੱਲ ਹੈ ਕਿ ਜਿਸ ਜਨੇਊ ਨੂੰ ਪਾਉਣ ਲਈ, ਪਹਿਲਾ ਨਾਨਕ ਨੌ ਸਾਲ ਦੀ ਉਮਰ ਵਿੱਚ ਇਨਕਾਰ ਕੀਤੀ ਸੀ - ਉਸੇ ਜਨੇਊ ਦੀ ਰਾਖੀ ਲਈ ਨੌਵੇਂ ਨਾਨਕ ਜਾਨ ਕੁਰਬਾਨ ਕਰ ਦਿੱਤੀ! ਅਸਲ ਵਿੱਚ ਗੁਰੂ ਨਾਨਕ ਦਾ ਘਰ ਤਾਂ ਜਬਰ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ।

ਨਾ ਤਾਂ ਉਹ 'ਜਬਰੀ ਜਨੇਊ ਪਾਉਣ' ਦੇ ਹੱਕ ਵਿੱਚ ਹੈ, ਤੇ ਨਾ ਹੀ 'ਜਬਰੀ ਜਨੇਊ ਲਾਹੁਣ' ਦੇ ਹੱਕ ਵਿਚ ਹੈ। ਗੁਰੂ ਜੀ ਦੀ ਕੁਰਬਾਨੀ ਕਿਸੇ ਇੱਕ ਧਰਮ ਲਈ ਨਹੀਂ ਸਗੋਂ ਹਰ ਧਰਮ ਦੀ ਆਜ਼ਾਦੀ ਲਈ ਸੀ, ਮਨੁੱਖੀ ਹੱਕਾਂ ਲਈ ਸੀ ਸੀ। ਕਵੀ ਸੈਨਾਪਤਿ ਅਨੁਸਾਰ–

ਪ੍ਰਕਟਿ ਭਏ ਗੁਰੂ ਤੇਗ ਬਹਾਦਰ।
ਸਗਲ ਸ੍ਰਿਸ਼ਟਿ ਪੇ ਢਾਪੀ ਚਾਦਰ।

ਅਜੋਕੇ ਦੌਰ ਵਿੱਚ ਜਦੋਂ ਮਨੁੱਖੀ ਹੱਕਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਦੇ ਇਸ ਜੀਵਨ ਸੰਦੇਸ਼ ਦੀ ਸਾਰਥਕਤਾ ਹੋਰ ਵੀ ਵੱਧ ਜਾਂਦੀ ਹੈ। ਸਾਨੂੰ ਉਹਨਾਂ ਦੇ ਸ਼ਹੀਦੀ ਦਿਹਾੜੇ ਨੂੰ 'ਹਿਊਮਨ ਰਾਈਟਸ ਡੇ' ਵਜੋਂ ਮਨਾਉਣਾ ਚਾਹੀਦਾ ਹੈ। ਉਹਨਾਂ ਦੀ ਕੁਰਬਾਨੀ ਤੋਂ ਸਾਨੂੰ ਇਹ ਸਿੱਖਿਆ ਵੀ ਮਿਲਦੀ ਹੈ ਕਿ ਜ਼ੁਲਮ ਜਬਰ ਦੇ ਵਿਰੁੱਧ ਆਵਾਜ਼ ਉਠਾਓ ਅਤੇ ਦੁਖੀਆਂ ਲਾਚਾਰਾਂ ਦੀ ਬਾਂਹ ਫੜੋ। ਅੱਜ ਵੀ ਖ਼ਾਲਸਾ ਏਡ ਵਰਗੀਆਂ ਕੁੱਝ ਸੰਸਥਾਵਾਂ, ਇਸ ਤੇ ਅਮਲ ਕਰਦੀਆਂ ਹੋਈਆਂ, ਭਾਈ ਘਨ੍ਹਈਏ ਵਾਂਗ ਮੁਸੀਬਤ ਵਿਚ ਫਸੇ ਲੋਕਾਂ ਲਈ ਮਸੀਹਾ ਬਣਦੀਆਂ ਹਨ। ਪਰ ਕੁੱਝ ਲੋਕ ਅਜਿਹੇ ਮੌਕੇ ਤੇ ਮਦਦ ਕਰਨ ਦੀ ਥਾਂ, ਉਨ੍ਹਾਂ ਦੀਆਂ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਤੇ ਸ਼ੇਅਰ ਕਰੀ ਜਾਂਦੇ ਹਨ– ਇਸ ਤੋ ਗੁਰੇਜ਼ ਕਰੀਏ।

*8. ਲੋਕ ਭਲਾਈ ਦੇ ਕਾਰਜ*

ਗੁਰੂ ਸਾਹਿਬ ਨੇ ਲੋਕ ਭਲਾਈ ਦੇ ਅਨੇਕਾਂ ਕਾਰਜ ਕੀਤੇ। ਪਹਿਲਾਂ ਉਹਨਾਂ ਨੇ ਰੁੱਖ ਮਾਲਵੇ ਵੱਲ ਕੀਤਾ ਕਿਉਂਕਿ ਦੁਆਬੇ ਅਤੇ ਮਾਝੇ ਵਿੱਚ ਗੁਰੂ ਸਾਹਿਬਾਨ ਵਲੋਂ ਕਾਫੀ ਪ੍ਰਚਾਰ ਹੋ ਚੁੱਕਾ ਸੀ। ਫਿਰ ਅਨੰਦਪੁਰ ਸਾਹਿਬ ਤੋਂ ਰੋਪੜ ਵੱਲ ਪਿੰਡਾਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਉਹ ਬੰਗਾਲ, ਬਿਹਾਰ, ਢਾਕਾ ਅਤੇ ਅਸਾਮ ਤੱਕ ਗਏ।

ਬਾਲਕ ਗੋਬਿੰਦ ਰਾਇ ਦੇ ਜਨਮ ਸਮੇਂ ਆਪ ਆਸਾਮ ਵਿੱਚ ਦੋ ਰਾਜਿਆਂ ਵਿਚਕਾਰ ਸੁਲ੍ਹਾ ਕਰਾਉਣ ਗਏ ਹੋਏ ਸਨ। ਪਰਚਾਰ ਦੌਰਿਆਂ ਸਮੇਂ ਇਹਨਾਂ ਕੋਲ ਜੋ ਵੀ ਚੜ੍ਹਾਵਾ ਜਾਂ ਭੇਟਾ ਇਕੱਠੀ ਹੁੰਦੀ, ਉਹ ਉਸ ਇਲਾਕੇ ਦੀ ਸਾਂਝੀ ਲੋੜ ਤੇ ਖਰਚ ਕਰ ਦਿੰਦੇ। ਉਨਾਂ ਨੇ ਬਹੁਤ ਸਾਰੇ ਪਿੰਡਾਂ ਵਿੱਚ ਸਾਫ ਪਾਣੀ ਪੀਣ ਲਈ ਖੂਹ ਖੁਦਵਾਏ, ਤਲਾਬ ਬਣਵਾਏ, ਹੜ੍ਹ ਮਾਰੇ ਇਲਾਕਿਆਂ ਵਿੱਚ ਦਰਿਆਵਾਂ ਤੇ ਆਪ ਨਾਲ ਹੋ ਕੇ ਬੰਨ੍ਹ ਮਰਵਾਏ, ਦੁੱਧ ਦੀ ਕਮੀ ਵਾਲੇ ਪਿੰਡਾਂ ਨੂੰ ਗਾਈਆਂ ਲੈ ਕੇ ਦਿੱਤੀਆਂ। ਅਨੰਦਪੁਰ ਸਾਹਿਬ ਤੋਂ ਚੱਲ ਕੇ ਵੀ ਜਦੋਂ ਘਨੌਲੀ ਪਹੁੰਚੇ ਤਾਂ ਲੋਕਾਂ ਦੀ ਮਾੜੀ ਹਾਲਤ ਦੇਖ ਕੇ, ਖਜ਼ਾਨੇ ਵਿੱਚ ਜੋ ਕੁੱਝ ਸੀ- ਸਾਰਾ ਉਹਨਾਂ ਨੂੰ ਵੰਡ ਦਿੱਤਾ ਅਤੇ ਰੋਪੜ ਜਾ ਕੇ ਸੈਫਦੀਨ ਦੇ ਬਾਗ ਵਿੱਚ ਟਿਕਾਣਾ ਕੀਤਾ।

ਸੈਫਦੀਨ ਜੋ ਕਿ ਸ਼ਾਹਜਹਾਂ ਦਾ ਸਾਂਢੂ ਸੀ, ਪਰ ਨੇਕ ਤੇ ਸਾਫ ਦਿਲ ਇਨਸਾਨ ਸੀ। ਉਸਨੇ ਗੁਰੂ ਸਾਹਿਬ ਨੂੰ ਲੰਗਰ ਲਈ ਰਸਦ, ਭਾਂਡੇ, ਤੰਬੂ, ਸ਼ਸਤਰ, ਗੁਰੂ ਸਾਹਿਬ ਲਈ ਘੋੜਾ, ਅਤੇ ਮਾਤਾ ਜੀ ਲਈ ਰੱਥ ਦਿੱਤਾ ਕਿਉਂਕਿ ਗੁਰੂ ਸਾਹਿਬ ਆਪਣਾ ਸਭ ਕੁੱਝ ਪਿੱਛੇ ਵੰਡ ਆਏ ਸਨ। ਗੁਰੂ ਸਾਹਿਬ ਖਿਮਾ ਅਤੇ ਨਿਮਰਤਾ ਦੇ ਵੀ ਪੁੰਜ ਸਨ। ਬਾਬੇ ਬਕਾਲੇ ਵਿੱਚ ਆਪ ਜੀ ਆਪਣੇ ਤੇ ਗੋਲੀ ਚਲਾਉਣ ਵਾਲਿਆਂ ਨੂੰ ਵੀ ਦੁਆਵਾਂ ਦੇ ਰਹੇ ਹਨ-

ਭਲੇ ਧੀਰ ਮੱਲ ਧੀਰ ਜੀ, ਭਲੇ ਧੀਰ ਮੱਲ ਧੀਰ।
ਬਹੁਤ ਬਾਰ ਬੋਲੇ ਬਚਨ, ਸ੍ਰੀ ਪ੍ਰਭੂ ਗੁਣੀ ਗਹੀਰ।
(ਗੁਰਪ੍ਰਤਾਪ ਸੂਰਜ ਗ੍ਰੰਥ)

ਜਦੋਂ ਮੱਖਣ ਸ਼ਾਹ ਲੁਬਾਣੇ ਨੇ, ਧੀਰ ਮੱਲ ਤੇ ਸ਼ੀਹੇਂ ਮਸੰਦ ਨੂੰ ਇਹਨਾਂ ਦੇ ਲੁੱਟੇ ਹੋਏ ਅਸਬਾਬ ਅਤੇ ਆਦਿ ਬੀੜ ਸਮੇਤ ਸਨਮੁੱਖ ਲਿਆ ਪੇਸ਼ ਕੀਤਾ ਤਾਂ ਵੀ ਗੁਰੂ ਸਾਹਿਬ ਨੇ ਦੋਹਾਂ ਨੂੰ ਮੁਆਫ਼ ਕਰ ਕੇ ਸਗੋਂ ਆਪਣਾ ਸਾਰਾ ਸਮਾਨ ਪੁਰਾਤਨ ਬੀੜ ਸਮੇਤ ਉਹਨਾਂ ਨੂੰ ਵਾਪਸ ਕਰ ਦਿੱਤਾ। ਇਹ ਆਦਿ ਬੀੜ ਧੀਰ ਮੱਲੀਆਂ ਕੋਲ ਹੀ ਕਰਤਾਰਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ। ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਵਾਜੇ ਬੰਦ ਕਰਨ ਵਾਲਿਆਂ ਨੂੰ ਉਨ੍ਹਾਂ ਕਿਹਾ:

ਮਸੰਦ ਤੁਮ ਅੰਮ੍ਰਿਤਸਰੀਏ॥
ਤ੍ਰਿਸ਼ਨਾ ਅਗਨ ਤੇ ਅੰਦਰ ਸੜੀਏ॥

ਇਸ ਗੁਣ ਨੂੰ ਧਾਰਨ ਕਰਕੇ ਅਸੀਂ ਲੜਾਈ ਝਗੜਿਆਂ ਤੋਂ ਛੁਟਕਾਰਾ ਪਾ ਸਕਦੇ ਹਾਂ।

*10. ਸੰਗਤ ਨੂੰ ਹੋਰ ਉਪਦੇਸ਼*

ਪ੍ਰਚਾਰ ਦੌਰਿਆਂ ਸਮੇਂ ਗੁਰੂ ਸਾਹਿਬ ਸੰਗਤ ਨੂੰ ਇਹ ਉਪਦੇਸ਼ ਦਿੱਤੇ। ਜੀਵਨ ਸ਼ੁੱਧ, ਕਿਰਤ ਵਿਹਾਰ ਸੁੱਚੇ, ਜੀਵਨ ਭਲੇ ਲਈ, ਹਰ ਇੱਕ ਲਈ ਪਿਆਰ ਤੇ ਤਰਸ ਦੀ ਭਾਵਨਾ, ਆਪੇ ਤੇ ਕਾਬੂ, ਕਿਸੇ ਨਾਲ ਵੀ ਨਫ਼ਰਤ ਨਹੀਂ ਕਰਨੀ ਕਿਉਂਕਿ ਵਾਹਿਗੁਰੂ ਹਰ ਇੱਕ ਵਿੱਚ ਵੱਸਦਾ ਹੈ, ਪੂਜਾ ਅਕਾਲ ਕੀ, ਜਾਪ ਸਤਿਨਾਮ ਵਾਹਿਗੁਰੂ ਦਾ, ਤ੍ਰਿਸ਼ਨਾਵਾਂ, ਪੰਜਾਂ ਨੂੰ ਵੱਸ, ਆਸਾ-ਮਨਸਾ, ਦੁੱਖ- ਸੁੱਖ, ਮਾਨ-ਅਪਮਾਨ ਤੋਂ ਉੱਚਾ ਉੱਠਣਾ, ਪ੍ਰਭੂ ਨੂੰ ਹਿਰਦੇ ਚੋਂ ਪ੍ਰਗਟ ਕਰਕੇ, ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਪਾਉਣਾ। ਗੁਰੂ ਜੀ ਦਾ ਜੀਵਨ ਸਾਡਾ ਮਾਰਗ ਦਰਸ਼ਨ ਕਰਦਾ ਹੈ। ਉਹਨਾਂ ਦੀ 350-ਵੀਂ ਸਾਲਾ ਸ਼ਹੀਦੀ ਸ਼ਤਾਬਦੀ ਤੇ, ਉਹਨਾਂ ਦੇ ਸੰਦੇਸ਼ ਅਤੇ ਉਪਦੇਸ਼ ਨੂੰ ਅਪਣਾ ਕੇ, ਲੋਕ ਸੁਖੀਏ ਪਰਲੋਕ ਸੁਹੇਲੇ ਹੋ ਜਾਈਏ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਲੋਕ-ਮਾਨਸਿਕਤਾ ਉੱਤੇ ਅਸਰ

ਸਰਦਾਰਨੀ ਡਾ. ਬਲਵਿੰਦਰ ਕੌਰ ਬਰਾੜ, ਕੈਲਗਰੀ (ਕੈਨੇਡਾ)

ਕਿਸੇ ਵੀ ਖਿੱਤੇ, ਸਮਾਜ ਜਾਂ ਕੌਮਾਂ ਵਿੱਚ ਅੰਦਰੂਨੀ ਅਤੇ ਬਾਹਰੀ ਘਟਨਾਵਾਂ ਉੱਥੋਂ ਦੇ ਵਾਸੀਆਂ ਦੀਆਂ ਸੋਚਾਂ ਦਾ ਰੁਖ਼ ਮੋੜਨ, ਉਸਾਰਨ ਜਾਂ ਪਸਾਰਨ ਵਿੱਚ ਸਹਾਈ ਹੁੰਦੀਆਂ ਹਨ। ਜੋ ਲੋਕ ਇਹਨਾਂ ਘਟਨਾਵਾਂ ਦਾ ਮੂੰਹ ਤੋੜ ਜਵਾਬ ਸਿਰਜਦੇ ਆਪਣਾ ਆਪ ਡਾਹ ਦਿੰਦੇ ਹਨ, ਲੋਕ ਉਨ੍ਹਾਂ ਮਹਾਂਪੁਰਖਾਂ ਨੂੰ ਸਿਜਦਾ ਕਰਦੇ ਹਨ। ਸਮਾਜਕ ਉਥਲ ਪੁੱਥਲਤਾ ਵਿੱਚ ਘਿਰੀ ਮਨੁੱਖੀ ਮਾਨਸਿਕਤਾ ਨੂੰ ਮੁੜ ਤਰਤੀਬ ਸਿਰ ਕਰਨ ਦਾ ਯਤਨ ਕਰਨ ਵਾਲੇ ਆਪੋ ਆਪਣੇ ਸਮੇਂ ਤੇ ਕਈ ਯੁੱਗ ਪੁਰਸ਼ ਹੋਏ ਹਨ ਜੋ ਜਮਾਨੇ ਦੀ ਨਬਜ਼ ਟੋਹ ਕੇ ਸਮਾਜਕ ਅਲਾਮਤਾਂ ਨੂੰ ਸਰ ਕਰਨ ਦਾ ਰਾਹ ਦਿਖਾਉਂਦੇ ਰਹੇ ਹਨ। ਸਿੱਖ ਇਤਿਹਾਸ ਦੀ ਹਿੱਕ ਤੇ ਪਈਆਂ ਕਈ ਪੈੜਾਂ ਉਨ੍ਹਾਂ ਮਹਾਂ-ਪੁਰਖਾਂ ਦੇ ਜੀਵਨ ਦੀ ਗਵਾਹੀ ਹਨ, ਜਿਨਾਂ ਨੇ ਵੇਲੇ ਦੀ ਸੱਤਾ ਨਾਲ ਮੱਥਾ ਲਾ ਕੇ ਵੀ ਲੋਕਾਂ ਦੀ ਧਿਰ ਬਣਕੇ ਕਈ ਪੂਰਨੇ ਪਾਏ ਹਨ। ਅਜਿਹੀ ਨਿਰਸਵਾਰਥ ਸੇਵਾ ਅਤੇ ਬਲੀਦਾਨ ਹੀ ਲੋਕ ਮਨਾਂ ਵਿੱਚ ਮਕਬੂਲੀਅਤ ਦੀ ਉਗਰਾਹੀ ਕਰਦੀ ਹੈ। ਹਥਲਾ ਪ੍ਰਸੰਗ ਅਜਿਹੀ ਹੀ ਇੱਕ ਗਵਾਹੀ ਨੂੰ ਪਾਠਕ ਮਨ ਤੱਕ ਸੱਜਰਾ ਕਰਨ ਦਾ ਹੀਲਾ ਹੈ।

ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰਾਂ ਵਿੱਚੋਂ ਸਭ ਤੋਂ ਛੋਟੇ ਸਨ। ਪੰਜਾਬ ਦੀ ਧਰਤੀ ਤੇ ਸਾਡੇ ਸਭ ਗੁਰੂਆਂ, ਪੀਰਾਂ,ਭਗਤਾਂ, ਰਿਸ਼ੀਆਂ ਮੁਨੀਆਂ ਜਾਂ ਪੀਰ ਪੈਗ਼ੰਬਰਾਂ ਨੇ ਆਪੋ ਆਪਣੇ ਯੋਗਦਾਨ ਨਾਲ ਸਮਾਜਿਕ ਕੁਰੀਤੀਆਂ ਦਾ ਵਿਰੋਧ ਸਿਰਜ ਕੇ ਨਵੇਂ ਸਮਾਜ ਦਾ ਨਿਰਮਾਣ ਕੀਤਾ ਹੈ।



ਅੱਜ ਦੀ ਭਾਸ਼ਾ ਵਿੱਚ ਗੁਰੂ ਤੇਗ ਬਹਾਦਰ ਜੀ ਨੂੰ ਮਨੁੱਖੀ ਅਧਿਕਾਰਾਂ ਦਾ ਰਾਖਾ ਕਿਹਾ ਜਾ ਸਕਦਾ ਹੈ। ਇਸ ਪਿਛਲਾ ਤਰਕ ਇਹ ਹੈ ਕਿ ਆਪਣੇ ਧਰਮ ਖਾਤਰ ਸਦੀਆਂ ਤੋਂ ਲੜਾਈਆਂ ਹੁੰਦੀਆਂ ਰਹੀਆਂ ਹਨ ਤੇ ਅੱਜ ਤੱਕ ਵੀ ਹੋ ਰਹੀਆਂ ਹਨ। ਪਰ ਕਿਸੇ ਹੋਰ ਦੇ ਵਿਸ਼ਵਾਸ ਲਈ ਖੜ੍ਹਨਾ ਅਤੇ ਕੁਰਬਾਨ ਹੋ ਜਾਣਾ ਕੇਵਲ ਗੁਰੂ ਤੇਗ ਬਹਾਦਰ ਜੀ ਦੇ ਹਿੱਸੇ ਆਇਆ ਹੈ। ਆਪ ਲੋਕ ਸੀਨੇ ਵਿੱਚ ਪਲਦੇ ਵਿਸ਼ਵਾਸ਼ ਦੀ ਧਿਰ ਬਣ ਕੇ ਆਪਾ ਕੁਰਬਾਨ ਕਰਨ ਦੀ ਅਦੁੱਤੀ ਮਿਸਾਲ ਹੋਏ ਹਨ। ਆਪ ਜੀ ਨੂੰ ਆਪਣੇ ਸਕੇ ਸੰਬੰਧੀਆਂ ਅਤੇ ਸੱਤਾ ਤੇ ਕਾਬਜ਼ ਧਿਰ ਤੋਂ ਵੀ ਕਈ ਵਿਰੋਧਤਾਵਾਂ ਦਾ ਸਾਹਮਣਾ ਕਰਨਾ ਪਿਆ। ਗੁਰੂ ਸਾਹਿਬ ਨੇ ਜੀਵਨ ਵਿਚਲੀਆਂ ਸਭ ਔਕੜਾਂ ਨੂੰ ਸਰ ਕਰਦਿਆਂ ਹੋਰਨਾਂ ਪੀੜਿਤ ਲੋਕਾਂ ਦੀ ਬਾਂਹ ਫੜੀ ਸੀ। ਗੁਰੂ ਜੀ ਨੇ ਵੇਲੇ ਦੀ ਹਕੂਮਤ ਨਾਲ ਮੱਥਾ ਲਾਇਆ ਜੋ ਆਪ ਜੀ ਦੀ ਹਿੰਮਤ ,ਦਲੇਰੀ, ਨਿਡਰਤਾ ਅਤੇ ਕੁਰਬਾਨੀ ਦੀ ਮਿਸਾਲ ਹੋ ਨਿਬੜਿਆ।

ਉਸ ਵੇਲੇ ਦੇ ਸ਼ਾਸ਼ਕ ਔਰੰਗਜੇਬ ਨੇ ਤਲਵਾਰ ਦੀ ਨੋਕ ਤੇ ਲੋਕਾਂ ਦਾ ਧਰਮ ਬਦਲਣ ਦਾ ਹੁਕਮ ਕੀਤਾ ਸੀ। ਜਿਹੜੇ ਲੋਕ ਇਸ ਹੁਕਮ ਨੂੰ ਨਹੀਂ ਮੰਨਦੇ ਸਨ, ਉਹਨਾਂ ਨੂੰ ਆਪਣਾ ਧਰਮ ਪਾਲਣ ਅਤੇ ਵਿਸ਼ਵਾਸ਼ ਕਾਇਮ ਰੱਖਣ ਲਈ ਕਈ ਤਰਾਂ ਦੇ ਜ਼ੁਲਮ ਬਰਦਾਸ਼ਤ ਕਰਨੇ ਪੈਂਦੇ ਸਨ। ਉਨ੍ਹਾਂ ਤੇ ਵੱਖਰਾ ਟੈਕਸ ਲੱਗਦਾ ਸੀ। ਕਈ ਤਰਾਂ ਦੇ ਕਹਿਰ ਢਾਏ ਜਾ ਰਹੇ ਸਨ। ਇਸ ਸੰਬੰਧੀ ਕਸ਼ਮੀਰੀ ਪੰਡਤਾਂ ਨੇ ਆਪਣੇ ਧਰਮ ਦੀ ਰਾਖੀ ਕਰਨ ਲਈ ਗੁਰੂ ਤੇਗ ਬਹਾਦਰ ਜੀ ਕੋਲ ਸ਼ਿਕਾਇਤ ਕੀਤੀ।

26 ਮਈ 1675 ਨੂੰ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਇਹ ਜਥਾ ਗੁਰੂ ਤੇਗ ਬਹਾਦਰ ਜੀ ਦੀ ਸ਼ਰਣ ਹੇਠ ਗੁਹਾਰ ਲਾਉਣ ਪੁੱਜਿਆ। ਗੁਰੂ ਜੀਂ ਉਸ ਸਮੇਂ ਕਸ਼ਮੀਰੀ ਪੰਡਤਾਂ ਦਾ ਧਰਵਾਸ ਬਣ ਖੜ੍ਹੇ। ਔਰੰਗਜੇਬ ਤਕ ਇਹ ਸੁਨੇਹਾ ਪੁੱਜਦਾ ਕੀਤਾ ਗਿਆ ਕਿ ਜੇ ਗੁਰੂ ਤੇਗ ਬਹਾਦਰ ਜੀ ਦਾ ਧੱਕੇ ਨਾਲ ਧਰਮ ਬਦਲ ਸਕਦੇ ਹੋ, ਤਾਂ ਹੀ ਇਹ ਸਭ ਬਦਲਣਗੇ। ਵੇਲੇ ਦੀ ਹਕੂਮਤ ਨਾਲ ਇਹ ਗੁਰੂ ਸਾਹਿਬ ਦੀ ਸਿੱਧੀ ਟੱਕਰ ਹੋ ਨਿੱਬੜੀ। ਇਸ ਵੰਗਾਰ ਨਾਲ ਸਿੱਖ ਧਰਮ ਦੇ ਅਸੂਲਾਂ ਅਨੁਸਾਰ ਮਾੜੀ ਧਿਰ ਨਾਲ ਖੜ੍ਹਨਾ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਨਿੱਤਰੀ ਨਜਰ ਆਈ। ਸਮੁੱਚੀ ਮਾਨਵਤਾ ਨਾਲ ਨਿਭਣ ਵਾਲਾ ਸਿੱਖ ਧਰਮ ਕਿਸੇ ਵੀ ਧੱਕੇ ਵਿਰੁੱਧ ਡਟਣ ਵਾਲਾ ਧਰਮ ਰਿਹਾ ਹੈ। ਸਪਸ਼ਟ ਹੈ ਕਿ ਛੋਟੀ ਉਮਰੇ ਗੁਰੂ ਨਾਨਕ ਦੇਵ ਜੀ ਨੇ ਜਿਸ ਜਨੇਊ ਦਾ ਵਿਰੋਧ ਕੀਤਾ ਸੀ, ਗੁਰੂ ਤੇਗ ਬਹਾਦਰ ਜੀ ਨੇ ਉਸੇ ਜਨੇਊ ਦੀ ਰੱਖਿਆ ਦਾ ਪ੍ਰਣ ਕੀਤਾ ਸੀ। ਸੱਤਾ ਵੱਲੋਂ ਮਾੜੀ ਧਿਰ ਨਾਲ ਅਜਿਹਾ ਧੱਕਾ ਸਿੱਖ ਧਰਮ ਦੇ ਅਨੁਕੂਲ ਨਹੀਂ ਸੀ। ਸਪਸ਼ਟ ਹਹੈ ਕਿ ਧੱਕੇ ਨਾਲ ਜਨੇਊ ਪਵਾਉਣਾ ਜਾਂ ਲੁਹਾ ਦੇਣਾ ਦੋਵੇਂ ਹੀ ਗਲਤ ਹਨ।

ਕੋਈ ਵੀ ਰਸਮ ਦੂਜੇ ਦੇ ਵਿਸ਼ਵਾਸ ਦਾ ਘਾਣ ਕਰਕੇ ਨਹੀਂ ਪੂਰੀ ਕੀਤੀ ਜਾ ਸਕਦੀ। ਇਉਂ ਕਿਸੇ ਹੋਰ ਦੇ ਵਿਸ਼ਵਾਸ਼ ਲਈ ਆਪਾ ਕੁਰਬਾਨ ਕਰਨਾ ਮਨੁੱਖਤਾ ਦੇ ਅਧਿਕਾਰਾਂ ਦੀ ਰਾਖੀ ਕਰਨਾ ਹੀ ਕਹਾਉਂਦਾ ਹੈ। ਸਿੱਖ ਜਗਤ ਦੇ ਪੈਰੋਕਾਰ ਇਹ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਆਰੰਭ ਵਿੱਚ ਜੋ ਮੂਲ ਮੰਤਰ ਉਚਾਰਿਆ ਹੈ ਉਸ ਅਨੁਸਾਰ ਪਾਰਬ੍ਰਹਮ ਦੀਆਂ ਕਈ ਵਿਸ਼ੇਸ਼ਤਾਵਾਂ ਉਲੀਕੀਆਂ ਗਈਆਂ ਹਨ। ਉਨ੍ਹਾਂ ਵਿਚੋਂ ਇੱਕ ਖੂਬੀ ਉਸ ਅਪਾਰ ਸ਼ਕਤੀ ਦੀ ਇਹ ਹੈ ਕਿ ਉਹ ਭੈ ਰਹਿਤ ਹੈ ਜਿਸ ਨੂੰ ਗੁਰੂ ਸਾਹਿਬ ਨੇ ਨਿਰਭਉ ਆਖਿਆ ਹੈ। ਉਹ ਬਿਨਾਂ ਕਿਸੇ ਡਰ, ਸਹਿਮ ਜਾਂ ਦਹਿਲ ਤੋਂ ਹੈ। ਇਸ ਨਿਰਭਉ ਸ਼ਬਦ ਦਾ ਅਰਥ ਪਸਾਰ ਕਰਦਿਆਂ ਹੀ ਗੁਰੂ ਤੇਗ ਬਹਾਦਰ ਜੀ ਨੇ ਲਿਖਿਆ ਹੈ " ਭੈ ਕਾਹੂ ਕਉ ਦੇਤੁ ਨਾਹਿ ਨਹਿ ਭੈ ਮਾਨਤ ਆਨਿ॥"

ਇਸ ਸਤਰ ਨੂੰ ਅਸੀਂ ਇਸ ਨੂੰ ਦੋ ਭਾਗਾਂ ਵਿਚ ਕਰ ਕੇ ਸਮਝਣ ਦਾ ਯਤਨ ਕਰਦੇ ਹਾਂ। ਪਹਿਲਾ ਦੁਨਿਆਵੀ ਪੱਧਰ ਤੇ ਜੀਵਨ ਜਿਉਂਦਿਆਂ ਆਪ ਤੋਂ ਹੀਣੇ ਕਮਜ਼ੋਰ ਅਤੇ ਨੀਵੇਂ ਮਨੁੱਖ ਤੇ ਆਪਣੀ ਹੋਂਦ ਦਾ ਪ੍ਰਭਾਵ ਜੋਰ ਜਾਂ ਧੌਂਸ ਨਾਲ ਨਹੀਂ ਮਨਾਵਾਂਗੇ। ਇਸ ਰਾਹੀਂ ਗੁਰੂ ਸਾਹਿਬ ਅਜਿਹੇ ਸਮਾਜ ਦੀ ਸਿਰਜਣਾ ਕਰਦੇ ਹਨ ਜਿੱਥੇ ਬਿਨਾਂ ਕਿਸੇ ਭੇਦ ਭਾਵ ਦੇ ਜਾਤ ਪਾਤ ਰਹਿਤ ਸਮਾਜ ਉਸਾਰਿਆ ਜਾ ਸਕੇ। ਇਸ ਸਮਾਜ ਵਿੱਚ ਗੁਰੂ ਨਾਨਕ ਦੇਵ ਜੀ ਦੀ ਹੋਂਦ "ਨੀਚਾ ਅੰਦਰਿ ਨੀਚ ਜਾਤ ਨੀਚੀ ਹੂੰ ਅਤਿ ਨੀਚ ਤੱਕ" ਅੱਪੜਨ ਵਾਲੀ ਸੁਰ ਪ੍ਰਧਾਨ ਹੋਈ ਨਜਰ ਆਉਂਦੀ, ਸਮਾਜ ਦੀ ਨਵੇਂ ਸਿਰੇ ਤੋਂ ਉਸਾਰੀ ਕਰਦੀ ਪ੍ਰਤੀਤ ਹੁੰਦੀ ਹੈ।ਇਸ ਨਾਲ ਇਕ ਵਧੀਆ ਸਮਾਜ ਦਾ ਨਿਰਮਾਣ ਹੁੰਦਾ ਹੈ ਜਥੇ ਰੁਤਬਾ ਹੀਣ ਅਤੇ ਰੁਤਬਾ ਯੁਕਤ ਵਿਚਕਾਰਲੀ ਵਿੱਥ ਮਿਟਦੀ ਹੈ।

ਇਹ ਸਮਾਜ ਉਸ ਵੇਲੇ ਦੀ ਹੰਕਾਰੀ ਸੱਤਾ ਨੂੰ ਇੱਕ ਵੰਗਾਰ ਸਥਾਪਿਤ ਕਰਦਾ ਹੈ। ਇਸ ਨਾਲ ਗਰੀਬ ਲੋਕਾਂ ਨੂੰ ਜਾਂ ਸਾਧਨਹੀਣ ਪੀੜਤ ਵਰਗ ਲੋਕਾਂ ਨੂੰ ਹੌਂਸਲਾ ਮਿਲਦਾ ਹੈ। ਸਭ ਨੂੰ ਸਮਾਜ ਵਿੱਚ ਜਿਊਣ ਜੋਗੀ ਅਤੇ ਦੁਨਿਆਵੀ ਹੋਂਦ ਦੀ ਜਗ੍ਹਾ ਇਨਸਾਨੀ ਗੁਣਾਂ ਨੂੰ ਥਾਂ ਮਿਲਦੀ ਹੈ। ਇਸ ਸਤਰ ਦੇ ਦੂਜੇ ਭਾਗ ਤੋਂ ਸਾਨੂੰ ਗੁਰੂ ਤੇਗ ਬਹਾਦਰ ਜੀ ਦੀ ਦਲੇਰੀ ਅਤੇ ਨਿਡਰਤਾ ਦਾ ਉਲੇਖ ਮਿਲਦਾ ਹੈ। ਵੇਲੇ ਦੀ ਸਥਾਪਤੀ ਨੂੰ ਇਹ ਜਤਾ ਦੇਣਾ ਕਿ ਸਾਨੂੰ ਤੇਰਾ ਕੋਈ ਡਰ ਨਹੀਂ ਹੈ, ਅਜਿਹੀ ਵੰਗਾਰ ਹੈ ਜੋ ਸਥਾਪਤੀ ਨਾਲ ਸਿੱਧਾ ਮੱਥਾ ਲਾਉਣ  ਲਈ ਤਿਆਰ ਹੈ। ਆਪ ਭੈ ਹੀਣ ਵਿਅਕਤੀ ਹੀ ਸੱਤਾ ਨੂੰ ਵੰਗਾਰਨ ਦੀ ਦਲੇਰੀ ਕਰ ਸਕਦਾ ਹੈ। ਗੁਰੂ ਸਾਹਿਬ ਨੇ ਇਹ ਸਤਰ ਕੇਵਲ ਸਿਰਜੀ ਹੀ ਨਹੀਂ, ਸਗੋਂ ਲੋਕਾਂ ਸਾਹਮਣੇ ਪ੍ਰੈਕਟੀਕਲ ਕਰਕੇ ਦਿਖਾਇਆ ਹੈ।

ਇਤਿਹਾਸ ਗਵਾਹ ਹੈ ਕਿ ਜਾਲਮ ਸਾਸ਼ਕ ਨੇ ਆਪ ਜੀ ਨੂੰ ਡਰਾਉਣ ਧਮਕਾਉਣ ਲਈ ਕਈ ਹੀਲੇ ਵਰਤੇ ਸਨ। ਗੁਰੂ ਸਾਹਿਬ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਜਿਊਂਦੇ ਹੀ ਆਰੇ ਨਾਲ ਚੀਰਿਆ ਗਿਆ, ਭਾਈ ਦਿਆਲਾ ਜੀਂ ਨੂੰ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ  ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾ ਕੇ ਸਾੜਿਆ ਗਿਆ। ਇੰਜ ਸ਼ਾਸ਼ਕ ਲੋਕਾਂ ਵਿੱਚ ਸਹਿਮ ਪੈਦਾ ਕਰਕੇ ਆਪਣਾ ਹੁਕਮ ਮਨਾ ਰਿਹਾ ਸੀ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਸਰੀਰਕ ਕਸ਼ਟ ਦੇ ਕੇ ਡਰਾਉਣ ਦਾ ਹਰ ਹੀਲਾ ਵਰਤ ਰਿਹਾ ਸੀ। ਉਸ ਨੇ ਗੁਰੂ ਸਾਹਿਬ ਅੱਗੇ ਸ਼ਰਤਾਂ ਰੱਖੀਆਂ ਕਿ ਜਾਨ ਬਖਸ਼ੀ ਜਾ ਸਕਦੀ ਹੈ ਜੇ ਧਰਮ ਬਦਲ ਲਿਆ ਜਾਵੇ  ਪਰ ਗੁਰੂ ਜੀ ਆਪਣੇ ਪ੍ਰਣ ਦੇ ਪੱਕੇ, ਨਿੱਡਰ ਦਲੇਰ ਅਤੇ ਅਣਖ ਖਾਤਰ ਆਪਾ ਕੁਰਬਾਨ ਕਰਨ ਲਈ ਤਿਆਰ ਰਹੇ।

ਆਪਣੇ ਆਸ਼ੇ ਲਈ ਗੁਰੂ ਸਾਹਿਬ ਨੇ ਚਾਂਦਨੀ ਚੌਂਕ ਵਿੱਚ ਭਰੀ ਸਭਾ ਸਾਹਮਣੇ ਸੀਸ ਕਲਮ ਕਰਵਾ ਕੇ ਅਜਿਹੀ ਮਿਸਾਲ ਕਾਇਮ ਕੀਤੀ ਜਿੱਥੇ ਲੋਕਾਂ ਨੇ ਨੇਕੀ ਅਤੇ ਬਦੀ ਦੀ ਸਿੱਧੀ ਟੱਕਰ ਹੁੰਦੀ ਦੇਖੀ ਸੀ। ਗੁਰੂ ਤੇਗ ਬਹਾਦਰ ਜੀ ਲੋਕਾਂ ਲਈ ਨਿਮਰਤਾ ਦੇ ਪੁੰਜ ਕਿਸੇ ਖਾਸ ਮਕਸਦ ਲਈ ਆਪਣਾ ਆਪਾ ਕੁਰਬਾਨ ਕਰ ਗਏ। ਸਿੱਖਾਂ ਦੇ ਨਿੱਤ ਦੀ ਅਰਦਾਸ ਵਿੱਚ ਅੱਜ ਵੀ ਅਜਿਹੀਆਂ ਸ਼ਹੀਦੀਆਂ ਹਾਜਰੀ ਭਰਦੀਆਂ ਸਾਡਾ ਥਾਪੜਾ ਬਣਦੀਆਂ ਹਨ। ਇਹ ਸਭ ਘਟਨਾਵਾਂ ਕਾਲਪਨਿਕ ਸਾਖੀਆਂ ਨਹੀਂ  ਸਗੋਂ ਇਸੇ ਧਰਤੀ ਦੀ ਹਿੱਕ ਤੇ ਵਾਪਰਦਾ ਲੋਕਾਂ ਨੇ ਅੱਖੀਂ ਦੇਖਿਆ ਅਤੇ ਜਰਿਆ ਹੈ।ਇਹ ਲੋਕਾਂ ਨੂੰ ਜੂਝ ਮਰਨ ਦਾ ਰਾਹ ਪੱਧਰਾ ਕਰਦੀਆਂ ਹਨ।

ਅਸੀਂ ਕਿਸਾਨ ਅੰਦੋਲਨ ਸਮੇਂ ਗਾਇਕਾਂ ਤੋਂ ਸੁਣਿਆ ਹੈ, " ਉਸੇ ਹੀ ਰਾਹ ਤੇ ਤੁਰ ਪਏ ਅਸੀਂ ਸੱਚੇ ਪਾਤਸ਼ਾਹ", ਤਾਂ ਸਾਨੂੰ ਲੱਗਦਾ ਰਿਹਾ ਹੈ ਕਿ ਵਾਪਰੀਆਂ ਘਟਨਾਵਾਂ ਦਾ ਅਸਰ ਅਜੇ ਬਰਕਰਾਰ ਹੈ। ਕਿਸੇ ਵੀ ਸਮਾਜ ਲਈ ਅਜਿਹੇ ਅਮਰ ਸੰਦੇਸ਼ ਸਿਰਜਣਾ ਇੱਕ ਵੱਡੀ ਪ੍ਰਾਪਤੀ ਕਹੇ ਜਾ ਸਕਦੇ ਹਨ ਅਸੀਂ ਇਹਨਾਂ ਵਾਪਰੀਆਂ ਘਟਨਾਵਾਂ ਕਾਰਣ ਹੀ ਅੱਜ ਤੱਕ ਆਪਣੀ ਵਿਰਾਸਤ ਤੇ ਮਾਣ ਕਰਦੇ ਹਾਂ। ਸਾਨੂੰ ਮਾਣ ਹੈ ਕਿ ਅਸੀਂ ਅਜਿਹੇ ਅਣਖੀ, ਦਲੇਰ ਅਤੇ ਨਿਡਰ ਵਿਰਾਸਤ ਦੇ ਵਾਰਿਸ ਹਾਂ। ਗੁਰੂ ਜੀ ਦੀ ਸ਼ਹੀਦੀ ਦਾ ਹੀ ਇਹ ਪ੍ਰਭਾਵ ਰਿਹਾ ਹੈ ਕਿ ਅਸੀਂ ਇੱਕ ਵਧੀਆ ਇਨਸਾਨ ਦਾ ਇਹ ਖਾਸਾ ਮੰਨਦੇ ਹਾਂ ਜੋ ਨਾ ਕਿਸੇ ਹੀਣੇ ਨੂੰ ਡਰਾਵੇ ਅਤੇ ਨਾ ਹੀ ਆਪ ਕਿਸੇ ਤੋਂ ਡਰੇ। ਇੱਥੇ ਗੁਰੂ ਸਾਹਿਬ ਨੇ ਮਨੁੱਖੀ ਮਾਨਸਿਕਤਾ ਦੀ ਉਸਾਰੀ ਲਈ ਸਾਨੂੰ ਭੈ ਰਹਿਤ ਹੋ ਕੇ ਵਿਚਰਨ ਦਾ ਸੰਦੇਸ਼ ਸਿਰਜਿਆ ਹੈ। ਅਜਿਹਾ ਵਿਅਕਤੀ ਹੀ ਜੀਓ ਅਤੇ ਜਿਉਣ ਦਿਓ ਦਾ ਹੋਕਾ ਦੇ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਕਥਨੀ ਅਤੇ ਕਰਨੀ ਇੱਕ ਕਰ ਦਿਖਾਈ। ਕਿਸੇ ਖਾਸ ਆਸ਼ੇ ਲਈ ਜਾਨ ਕੁਰਬਾਨ ਕਰਨ ਦੀ ਅਜਿਹੀ ਮਿਸਾਲ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਬਾਰੇ ਬਚਿੱਤਰ ਨਾਟਕ ਵਿੱਚ ਲਿਖਿਆ ਹੈ:

"ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸ ਦੀਆ ਪਰ ਸਿਰਰੁ ਨ ਦੀਆ ॥"

ਗੁਰੂ ਸਾਹਿਬ ਦੀ ਇਸ ਕੁਰਬਾਨੀ ਬਾਰੇ ਇਹ ਕਿਹਾ ਗਿਆ ਕਿ ਜਿਸ ਤਰਾਂ ਬਚਪਨ ਵਿੱਚ ਆਪ ਜੀ ਨੇ ਕਿਸੇ ਗਰੀਬ ਦਾ ਤਨ ਢਕ ਕੇ ਠੰਢ ਤੋਂ ਬਚਾਇਆ ਸੀ, ਉਸੇ ਪ੍ਰਕਾਰ ਭਾਰਤ ਦੀ ਨੰਗੀ ਹੋ ਰਹੀ ਪਤ ਨੂੰ ਆਪਣੇ ਤਨ ਦੀ ਚਾਦਰ ਨਾਲ ਢਕ ਕੇ ਹਿੰਦ ਦੀ ਚਾਦਰ ਜਿਹਾ ਮਾਣ ਹਾਸਲ ਕੀਤਾ ਸੀ।

ਅਸੀਂ ਹੁਣ ਗੁਰੂ ਤੇਗ ਬਹਾਦਰ ਜੀ ਦੀਆਂ ਸਭ ਸਿੱਖਿਆਵਾਂ ਤੋਂ ਜਦੋ ਇਸ ਜਗਤ ਦੀ ਪ੍ਰਾਪਤੀ ਬਾਰੇ ਜਾਂ ਹੰਕਾਰ ਰਹਿਤ ਮਨੁੱਖੀ ਜੀਵਨ ਜਿਊਣ ਬਾਰੇ ਦੇਖਦੇ ਹਾਂ ਤਾਂ ਲੋਕ ਅਜਿਹੇ ਰੋਲ ਮਾਡਲ ਨੂੰ ਸਿਰ ਝੁਕਾ ਕੇ ਕਬੂਲਦੇ ਹਨ। ਆਪ ਅਨੁਸਾਰ :

* ਤੀਰਥ ਬਰਤ ਅਰ ਦਾਨ ਕਰਿ ਮਨ ਮੈ ਧਰੈ ਗੁਮਾਨ ॥ ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸ਼ਨਾਨ ॥...

* ਧਨੁ ਦਾਰਾ ਸੰਪਤਿ ਸਗਲ ਜਿਨਿ ਅਪਨੀ ਕਰਿ ਮਾਨੁ ॥ ਇਨ ਮੈ ਕਛੁ ਸਾਚਾ ਨਹੀਂ ਨਾਨਕ ਬਿਨੁ ਭਗਵਾਨ ॥...

ਸਮੁੱਚੀ ਮਾਨਵਤਾ ਜਦੋ ਦੁਨਿਆਵੀ ਧਨ ਦੌਲਤ ਵਿਚ ਖਚਿਤ ਹੋ ਰਹੀ ਹੋਵੇ ਉਦੋਂ ਸਭ ਨੂੰ ਅਜਿਹੇ ਮਹਾਂਪੁਰਸ਼ ਦਾ ਸੰਦੇਸ਼ ਸੱਚ ਅਤੇ ਅਮਰ ਲੱਗਦਾ ਹੈ। ਇਤਿਹਾਸ ਗਵਾਹ ਹੈ ਕਿ ਸਮਾਜਿਕ ਘਟਨਾਵਾਂ ਸਮੇਂ ਸਮੇਂ ਲੋਕ ਮਾਨਸਿਕਤਾ ਵਿੱਚ ਤਬਦੀਲੀ ਦਾ ਕਾਰਨ ਬਣਦੀਆਂ ਰਹੀਆਂ ਹਨ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਮੀਰੀ ਅਤੇ ਪੀਰੀ ਦੀਆਂ ਕਿਰਪਾਨਾਂ ਦਾ ਵੇਲੇ ਨੂੰ ਇਹ ਸੰਦੇਸ਼ ਰਿਹਾ ਸੀ ਕਿ ਹੁਣ ਭਗਤੀ ਦੇ ਨਾਲ ਸ਼ਕਤੀ ਦੀ ਵੀ ਲੋੜ ਪੈ ਸਕਦੀ ਹੈ। ਇਸੇ ਹੀ ਤਰਾਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕਰਕੇ ਸਿੱਖਾਂ ਦੀਆਂ ਰਗਾਂ ਵਿੱਚ ਖ਼ੂਨ ਖੌਲਣ ਦੀ ਵਾਰਤਾ ਸਿਰਜੀ ਹੈ।

ਸਪਸ਼ਟ ਹੈ ਕਿ ਕੋਈ ਵੀ ਕੁਰਬਾਨੀ ਆਪਣੇ ਖਿੱਤੇ ਦੇ ਵਾਸੀਆਂ ਲਈ ਇੱਕ ਅਧਿਆਏ ਹੋ ਨਿਬੜਦੀ ਹੈ ਜਿਸ ਨਾਲ ਸਮਾਜਿਕ ਮੁਹਾਂਦਰਾ ਬਦਲਦਾ ਹੈ। ਇਹ ਇੱਕ ਅਜਿਹਾ ਬਦਲਾਅ ਹੈ ਜੋ ਸਿੱਖ ਧਰਮ ਦੇ ਅਸੂਲਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਗਵਾਹੀ ਬਣਦਾ ਹੈ। ਇਨਾਂ ਸਭ ਮਹਾਂਪੁਰਖਾਂ ਅੱਗੇ ਸਾਡਾ ਸਿਰ ਝੁਕਦਾ ਹੈ ਜੋ ਵੇਲੇ ਦੇ ਲੋਕਾਂ ਲਈ ਤਲਵਾਰ ਦੀ ਨੋਕ ਤੇ ਨਹੀਂ ਸਗੋਂ ਆਪਣੇ ਨਿਜ ਨੂੰ ਤਿਆਗ ਕੇ ਹੋਰਨਾਂ ਲਈ ਕਸ਼ਟ ਹੀ ਨਹੀਂ ਸਹਾਰਦੇ ਰਹੇ ਸਗੋਂ ਜਾਨ ਕੁਰਬਾਨ ਕਰਕੇ ਇਸ ਜੱਗ ਤੋਂ ਗਏ।

ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਰਹਿੰਦੀ ਦੁਨੀਆਂ ਤੱਕ ਇੱਕ ਮਿਸਾਲ ਬਣੀ ਰਹੇਗੀ।

## ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿੱਚ ਮਾਨਵੀ ਵਿਕਾਸ ਪ੍ਰਕਿਰਿਆ

ਡਾ. ਸਰਦਾਰ ਬਲਵਿੰਦਰਪਾਲ ਸਿੰਘ
ਸੰਪਾਦਕ, ਸਾਡਾ ਵਿਰਸਾ ਸਾਡਾ ਗੌਰਵ, ਲੁਧਿਆਣਾ (ਪੰਜਾਬ)



ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਦਰਾਂ ਰਾਗਾਂ ਵਿੱਚ ਹੈ। ਕੁਲ 59 ਸ਼ਬਦ ਹਨ ਅਤੇ 57 ਸਲੋਕ ਹਨ। ਗੁਰੂ ਤੇਗ ਬਹਾਦਰ ਰਚਿਤ ਬਾਣੀ ਵਿੱਚ ਮੁੱਖ ਨਾਇਕ ਇਕ ਨਿਰਾਕਾਰ ਸਰਬ ਵਿਆਪਕ ਰਾਮ ਹੈ। ਮਨੁੱਖ ਨੂੰ ਉਧਾਰਨ ਅਤੇ ਸੁਧਾਰਨ ਦੇ ਲਈ ਸ਼ਬਦ ਗਿਆਨ ਅਤੇ ਰੂਹਾਨੀ ਸੰਦੇਸ਼ ਨਾਲ ਵਿਕਾਸ-ਪ੍ਰਕਿਰਿਆ ਵਿੱਚ ਪਾਉਣ ਦਾ ਉਦੇਸ਼ ਦ੍ਰਿਸ਼ਟਮਾਨ ਹੁੰਦਾ ਹੈ। ਸਮਕਾਲੀ ਧਰਮ ਵਿੱਚ ਆਏ ਕਰਮ-ਕਾਂਡ ਨੂੰ ਮਾਨਵ ਕਲਿਆਣ ਦਾ ਸਾਧਨ ਤੇ ਮਾਧਿਅਮ ਸਮਝ ਲੈਣ ਵਾਲੀ ਲੋਕਾਈ ਨੂੰ, ਰਾਮ ਨਾਮ ਦੇ ਸਿਮਰਨ ਅਤੇ ਅੰਤਰਝਾਤ ਦੇ ਸਾਧਨ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ ਹੈ। ਪਰਿਵਾਰਕ ਸਾਕ-ਸੰਬੰਧੀ, ਮਾਇਆਵੀ ਪਸਾਰੇ ਅਤੇ ਦਿਖਾਵੇ ਦੇ ਧਰਮ-ਕਰਮ ਨਾਲ, ਮਨੁੱਖ ਆਪਣੇ ਕਲਿਆਣ ਨੂੰ ਨਿਸਚਤ ਅਤੇ ਵਚਨ-ਬੱਧ ਸਮਝਦਾ ਸੀ।

ਓਧਰ, ਹਾਕਮ ਸ਼੍ਰੇਣੀ ਵੱਲੋਂ ਕੀਤੇ ਜਾ ਰਹੇ ਜ਼ੁਲਮ ਨਾਲ ਬਹੁਤ ਜਨਤਾ ਸਹਿਮੀ ਹੋਈ ਮੌਤ ਅਤੇ ਪੀੜਤ ਹੋਣ ਤੋਂ ਡਰੀ ਹੋਈ ਸੀ। ਧਾਰਮਿਕ ਆਗੂ ਸ਼੍ਰੇਣੀ, ਮਾਣ ਅਤੇ ਉੱਚੇਪਣ ਨਾਲ ਹੰਕਾਰੀ ਹੋਈ ਸੀ। ਡਰ, ਲਾਲਚ ਅਤੇ ਸੁਰੱਖਿਅਤ ਜੀਵਨ ਦੀ ਆਸ ਵਿੱਚ, ਧਰਮ ਤੋਂ ਵੀ ਆਕੀ ਹੋਈ ਲੋਕ, ਸਮਾਜ ਦੇ ਲਈ ਇਕ ਭਾਰ ਹੀ ਬਣੇ ਹੋਏ ਸਨ। ਮਾਨਵੀ ਵਿਕਾਸ ਦੀ ਕਮੀ ਕਾਰਨ, ਦੇਸ਼ ਡਾਂਵਾਡੋਲ ਸਥਿਤੀ ਵਿੱਚ ਸੀ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਵਿਆਪਕ ਪਿਛੋਕੜ ਵਿੱਚ ਪੈਂਤੀ ਹੋਰ ਮਹਾਂਪੁਰਖਾਂ ਦੀ ਬਾਣੀ ਦਾ ਸਾਗਰ ਵੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਮੌਜੂਦ ਸੀ। ਅੱਠ ਗੁਰੂ ਸਾਹਿਬਾਨ ਦੇ ਉਪਕਾਰੀ ਜੀਵਨ, ਪੰਜਵੇਂ ਪਾਤਸ਼ਾਹ ਦੀ ਕੁਰਬਾਨੀ, ਛੇਵੇਂ ਪਾਤਸ਼ਾਹ ਦੇ ਮੀਰੀ ਪੀਰੀ ਦੀ ਅਮਲੀ ਰੂਪ ਵਿੱਚ ਸਥਾਪਤੀ ਅਤੇ ਲੋਕ ਸੇਵਾ-ਕਲਿਆਣ ਦੇ ਰੂਪ ਵਿੱਚ ਸੰਗਤ-ਪੰਗਤ ਦੀਆਂ ਸੰਸਥਾਵਾਂ ਮੌਜੂਦ ਸਨ। ਇਸ ਅਡੋਲ ਅਡਿੱਗ ਪਿਛੋਕੜ ਵਿਰਸੇ ਦੇ ਹੁੰਦੇ ਹੀ ਕਸ਼ਮੀਰੀ ਪੰਡਤਾਂ ਨੂੰ 'ਭਰੋਸਾ ਦਾਨ' ਦਿੱਤਾ ਗਿਆ ਕਿ ਗੁਰੂ ਨਾਨਕ ਦਾ ਦਰ ਘਰ, ਤੁਹਾਡੇ ਧਰਮ ਦੀ ਰਾਖੀ ਕਰੇਗਾ। ਹਿੰਦੁਸਤਾਨ ਵਿੱਚ ਧਾਰਮਿਕ ਅਜ਼ਾਦੀ ਨੂੰ ਕਾਇਮ ਰੱਖਣਾ, ਸਰਬੱਤ ਦੇ ਭਲੇ ਲਈ ਜ਼ਰੂਰੀ ਹੈ। ਮਾਨਵੀ ਵਿਕਾਸ ਵਿਕੋਲਿਤਰਾ ਨਹੀਂ ਹੋ ਸਕਦਾ। ਅਰਸਤੂ ਨੇ ਕਿਹਾ ਸੀ ਕਿ "ਮਨੁੱਖ ਇੱਕ ਸਮਾਜਿਕ ਜੀਵ ਹੈ।", ਪਰ ਗੁਰਮਤਿ ਨੇ ਇਸ ਕਥਨ ਨੂੰ ਅਧੂਰਾ ਮੰਨਦੇ ਹੋਏ ਯਥਾਰਥਕ ਰੂਪ ਪੇਸ਼ ਕੀਤਾ, "ਮਨੁੱਖ ਇੱਕ ਅਧਿਆਤਮੇ-ਸਮਾਜਿਕ ਜੀਵ ਹੈ।"

ਜੇ ਕੇਵਲ ਭੌਤਿਕਤਾ ਨੂੰ ਹੀ ਲੈ ਕੇ ਚੱਲੀਏ ਤਾਂ ਵੀ ਵਾਤਾਵਰਣ, ਅਦ੍ਰਿਸ਼ ਹਵਾਵਾਂ, ਰਸਾਇਣਾਂ ਅਤੇ ਓਜ਼ੋਨ ਲੇਅਰ ਦੀ ਸੁਰੱਖਿਆ ਕੇਵਲ ਸਮਾਜਿਕ ਪੱਖ ਨਹੀਂ ਹੈ। ਇਕ ਪਰਿਵਾਰ ਦੇ ਸਾਰੇ ਬੰਦਿਆਂ ਨੂੰ ਇਕ ਕਮਰੇ ਵਿੱਚ ਬੰਦ ਕਰਕੇ, ਕੁਝ ਦਿਨ ਲਈ ਵੀ ਵੱਖਰੇ ਨਹੀਂ ਰੱਖਿਆ ਜਾ ਸਕਦਾ। ਵਾਤਾਵਰਣ, ਬਨਸਪਤੀ ਅਤੇ ਜੀਵ-ਜੰਤੂਆਂ ਬਿਨਾਂ ਵੀ ਮਨੁੱਖ ਦੀ ਹੋਂਦ ਨਹੀਂ। ਅਧਿਆਤਮੋ-ਸਮਾਜਿਕ ਜੀਵ ਦੀ ਹੋਂਦ ਓਦੋਂ ਸਾਰਥਕ ਹੁੰਦੀ ਹੈ, ਜਦੋਂ ਅਸੀਂ ਹਰੇਕ ਵਸਤੂ ਗੁਰੂਤਾ ਖਿੱਚ ਕਿਸੇ ਅਦ੍ਰਿਸ਼ ਨਿਰੰਕਾਰ ਸੁਚੇਤ ਚੇਤਨਾ ਦੀ ਪੂਰਨ ਅਕਲ ਕਲਾ ਦਾ ਦਮਾਦਮ ਵਰਤਾਰਾ ਦੇਖਦੇ ਹਾਂ।

### ਚੇਤਨਾ ਅਤੇ ਕਾਲ:-

ਨੌਵੇਂ ਪਾਤਸ਼ਾਹ ਦੀ ਬਾਣੀ ਦਾ ਸ਼ਬਦ 'ਚੇਤਨਾ' ਨੂੰ ਵੱਡੇ ਪਸਾਰਾਂ ਵੱਲ ਸੇਧਤ ਕਰਦਾ ਹੈ:

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥....(ਪੰਨਾ ੭੨੬, ਤਿਲੰਗ ਮਹਲਾ ੯)

ਚੇਤਨਾ ਤਿੰਨ ਪ੍ਰਕਾਰ ਦੀ ਹੈ: ਪੱਥਰ ਚੇਤਨਾ, ਅਚੇਤ ਚੇਤਨਾ ਅਤੇ ਸੁਚੇਤ ਚੇਤਨਾ। ਪੱਥਰ ਚੇਤਨਾ, ਪੱਥਰਾਂ ਤੇ ਚਟਾਣਾਂ ਦੀ ਹੈ। ਅਚੇਤ ਚੇਤਨਾ, ਪਸ਼ੂ-ਪੰਛੀਆਂ ਦੀ ਹੈ, ਪਰ ਕੁਦਰਤ ਵੱਲੋਂ ਇਨ੍ਹਾਂ ਅੰਦਰ ਅਸੀਮ ਗੁਣ ਹਨ। ਬਹੁਤ ਮਨੁੱਖ ਵੀ ਅਚੇਤ ਚੇਤਨਾ ਵਾਲੇ ਹੀ ਹੁੰਦੇ ਹਾਂ। ਸੁਚੇਤ ਚੇਤਨਾ, ਮਾਨਵ ਅਤੇ ਮਹਾਂ-ਮਾਨਵਾਂ ਦੇ ਹਿੱਸੇ ਆਈ ਹੈ। ਚੇਤਨਾ ਦਾ ਵਿਅਕਤੀਗਤ ਅਤੇ ਸਮੂਹਿਕ ਸੰਗ੍ਰਹਿ, ਉਸ ਇਲਾਕੇ-ਖੇਤਰ ਦੇ ਸਭਿਆਚਾਰ ਨੂੰ ਘੜਦਾ ਅਤੇ ਕਾਲ-ਮਾਰਗ ਉੱਤੇ ਤੋਰਦਾ ਹੈ। ਕਾਲ-ਮਾਰਗ ਬਾਰੇ ਡਾ. ਹਰਪਾਲ ਸਿੰਘ ਪਨੂੰ ਨੇ "ਸਿੱਖ ਚਿੰਤਨ ਵਿੱਚ ਕਾਲ-ਅਕਾਲ ਦਾ ਸਰੂਪ" ਵਿੱਚ ਇੰਜ ਲਿਖਿਆ ਹੈ। ਉਨ੍ਹਾਂ ਕਾਲ ਨੂੰ ਚੌੜਾਈ (ਪੁਲਾੜ ਜਾਂ ਦਿਸ਼ਾ ਵੰਡ), ਲੰਬਾਈ (ਲੌਕਿਕ ਜਾਂ ਕਾਲ ਵੰਡ) ਅਤੇ ਡੂੰਘਾਈ (ਮੈਂ, ਤੂੰ, ਉਹ, ਵਸਤੂਪੂਰਕ ਵੰਡ) ਵਿੱਚ ਵੰਡ ਕੇ ਸਿੱਧ ਕੀਤਾ ਹੈ ਕਿ ਵਰਤਮਾਨ ਕਾਲ ਨੂੰ ਭੂਤਕਾਲੀ ਯਾਦਾਂ ਪਰਿਵਰਤਿਤ ਕਰਦੀਆਂ ਹਨ, ਜਦੋਂ ਕਿ ਭੂਤਕਾਲ ਅਤੇ ਵਰਤਮਾਨ ਦੁਆਰਾ ਹੀ ਭਵਿੱਖਤ ਦੀ ਰੂਪ-ਰੇਖਾ ਬਣਦੀ ਹੈ। ਚੜ੍ਹਦੀ ਉਮਰੇ ਵਰਤਮਾਨ ਚੰਗਾ ਲੱਗਦਾ ਹੈ, ਢਲਦੀ ਉਮਰੇ ਅਤੀਤ ਨੂੰ ਲੋਚਦੇ ਹਾਂ, ਪਰ ਬਜ਼ੁਰਗ ਕਹਿੰਦੇ ਹਨ ਕਿ 'ਅਤੀਤ' ਵਿੱਚ ਸਦੀਆਂ ਦੀ ਸਿਆਣਪ ਹੈ। (ਖੋਜ ਪੱਤ੍ਰਿਕਾ, ਸਤੰਬਰ 1998). ਵਰਤਮਾਨ ਇਕ ਪੈਂਡੂਲੂਮ ਹੈ ਜੋ ਭਵਿੱਖ ਅਤੇ ਭੂਤਕਾਲ ਦੇ ਵਿੱਚ ਘੁੰਮ-ਲਟਕਦਾ ਹੈ। ਮਾਨਵੀ ਵਿਕਾਸ ਦੇ ਵਿੱਚ ਚੇਤਨਾ ਅਤੇ ਕਾਲ ਦੇ ਪ੍ਰਭਾਵ ਨੂੰ ਨੌਵੇਂ ਗੁਰੂ ਜੀ ਨੇ ਨਜਿੱਠ ਕੇ, ਵਰਤਮਾਨ ਨੂੰ ਸ਼ਕਤੀਵਰ ਬਣਾਉਣ ਉੱਤੇ ਜ਼ੋਰ ਦਿੱਤਾ ਹੈ।

### ਅਮਰਤਾ:-

ਹਿੰਦੂ ਸੰਸਕ੍ਰਿਤੀ ਵਿੱਚ 'ਅੰਮ੍ਰਿਤ' ਅਤੇ 'ਅਮਰਤਾ' ਦੇ ਸੰਕਲਪ ਹਨ। ਸਾਗਰ ਮੰਥਨ ਤੋਂ ਜੋ ਚੌਦਾਂ ਰਤਨ ਨਿਕਲੇ ਦੱਸੇ ਸਨ, ਉਨ੍ਹਾਂ ਵਿੱਚ ਅੰਮ੍ਰਿਤ ਅਤੇ ਵਿਸ਼ ਵੀ ਸ਼ਾਮਲ ਹਨ। ਖੋਜਾਂ ਵਿੱਚ ਜੈਲੀ ਫਿਸ਼ ਦਾ ਜ਼ਿਕਰ ਹੈ ਜੋ ਆਪਣਾ ਸਰੂਪ ਤੇ ਅਸਤਿਤ੍ਵ ਫਿਰ ਸੁਰਜੀਤ ਕਰ ਲੈਂਦੀ ਹੈ।

(Studying Immortality through Jellyfish; Victory Green River Dive Knives; Water Dive Tool bag, Nov 30, 2012, Schubas Store Internet Search).

ਜੈਲੀਫਿਸ਼ ਆਪਣੇ ਅੰਦਰ ਪਾਰਘਾਤਿਕਤਾ (Transdifferentiating) ਨੂੰ ਧਾਰਨ ਕਰ ਲੈਂਦੀ ਹੈ। ਇਸ ਦਾ ਨਾਮ (Turritopsis Nutricula) ਲਿਖਿਆ ਗਿਆ ਹੈ।

ਅਮਰੀਕਾ ਦੀ Ohio State ਵਿੱਚ, ਕਲੀਵਲੈਂਡ ਅੰਦਰ 'ਅਮਰ ਜੀਵਨ ਦਾ ਫੁਹਾਰਾ' (Fountain of Eternal Life) ਸਥਾਪਤ ਕੀਤਾ ਗਿਆ ਹੈ। ਇਹ ਮਨੁੱਖ ਦੀ ਅਮਰਤਾ ਹਾਸਲ ਕਰਨ ਦੀ ਇੱਛਾ ਨੂੰ ਪ੍ਰਗਟ ਕਰਦਾ ਹੈ। ਇਸਲਾਮ ਵਿੱਚ 'ਆਬ-ਏ-ਹਯਾਤ' ਦਾ ਅਤੇ ਈਸਾਈਅਤ ਵਿੱਚ 'ਨੈਕਟਾਰ' ਦੀ ਧਾਰਨਾ ਹੈ। ਭਾਵ, ਹਰੇਕ ਸਭਿਅਤਾ ਅਤੇ ਸਭਿਆਚਾਰ ਵਿੱਚ ਅਮਰਤਾ ਹਾਸਲ ਕਰਨ ਦੀ ਚਾਹਨਾ ਹੈ।

ਗੁਰਮਤਿ ਵਿੱਚ ਅਮਰਤਾ, ਭੌਤਿਕ ਰੂਪ ਵਿੱਚ ਅਸੰਭਵ ਦੱਸੀ ਗਈ ਹੈ। ਸਰੀਰਕ ਰੂਪ ਵਿੱਚ ਕੀਤੀ ਘਾਲ ਕਮਾਈ, ਪਰਉਪਕਾਰ, ਸੇਵਾ, ਖੋਜ ਅਤੇ ਸੰਘਰਸ਼, ਇਤਿਹਾਸਕ ਵਿਰਾਸਤ ਬਣ ਕੇ ਵਰਤਦੀ ਹੈ। ਆਤਮਕ ਤੌਰ ਤੇ ਅੰਮ੍ਰਿਤ ਦਾ ਸਰੋਤ ਕੇਵਲ ਨਾਮ ਹੈ। ਗੁਰੂ ਨਾਨਕ ਦੇਵ ਜੀ, ਭਗਤ ਸਾਹਿਬਾਨ ਅਤੇ ਹੋਰ ਗੁਰੂ ਸਾਹਿਬਾਨ ਨੇ, ਅੰਮ੍ਰਿਤ ਨਾਮ ਨੂੰ ਹੀ ਦ੍ਰਿੜ ਕਰਵਾਇਆ। ਗੁਰੂ ਸਾਹਿਬ ਮੁਕਤੀ ਬਾਰੇ ਸਪੱਸ਼ਟ ਕਹਿ ਰਹੇ ਹਨ:

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥ ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥

(ਪੰਨਾ ੬੩੧, ਸੋਰਠਿ ਮਹਲਾ ੯)

ਮਾਨਵੀ ਵਿਕਾਸ ਵਿੱਚ ਜੀਵਨ-ਮੁਕਤਿ ਹੀ ਅਮਰਤਾ ਦਾ ਅਧਾਰ ਮੰਨਿਆ ਜਾਂਦਾ ਹੈ। ਗੁਰਮਤਿ ਵਿੱਚ:

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥

(ਪੰਨਾ ੮੩੦, ਬਿਲਾਵਲੁ ਮਹਲਾ ੯)

## ਬੱਲ ਧਾਰਨ ਕਰਨ ਦਾ ਪ੍ਰਸੰਗ:-

ਅਕਾਲ ਪੁਰਖ ਦੀ ਰੱਬੀ ਸੱਤਾ (ਊਰਜਾ, ਚੇਤਨਾ) ਨਾਲ ਹੀ ਸਾਰੀ ਸ੍ਰਿਸ਼ਟੀ ਦੀ ਪ੍ਰਚਲਣ ਅਤੇ ਸੰਚਾਲਣ ਹੈ। ਛੋਟੇ ਤੋਂ ਛੋਟੇ ਜੀਵ ਤੋਂ ਬ੍ਰਹਿਮੰਡਾਂ ਤੀਕ ਦੀ ਊਰਜਾ, ਬੱਲ-ਸ਼ਕਤੀ ਦੇ ਆਸਰੇ ਹੈ।

ਗੁਰੂ ਤੇਗ ਬਹਾਦਰ ਜੀ ਨੇ ਬਾਬਾ ਬਕਾਲਾ ਵਿਖੇ ਆਤਮ ਚਿੰਤਨ ਸਿਮਰਨ ਅਭਿਆਸ ਸਮੇਂ ਅਤੇ ਲੰਮੀਆਂ ਯਾਤਰਾਵਾਂ ਦੌਰਾਨ ਇਹ ਪਾਇਆ ਕਿ ਲੋਕਾਂ ਨੇ ਆਪਣੇ ਅੰਦਰਲਾ ਬੱਲ ਛੱਡ ਦਿੱਤਾ ਹੈ ਅਤੇ ਇਸੇ ਦੇ ਨਤੀਜੇ ਵਜੋਂ ਬੰਧਨ ਪੈ ਗਏ ਹਨ। ਹਾਥੀ ਜਿੱਡੀ ਵੱਡੀ ਜਨਤਾ ਵੀ ਲਾਚਾਰ ਹੋਈ ਪਈ ਹੈ ਤੇ ਕੇਵਲ ਰੱਬੀ ਆਸਰਾ ਹੀ ਬਾਕੀ ਹੈ।

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥ (ਪੰਨਾ ੧੪੨੯, ਸਲੋਕ ਮ: ੯)

ਬੰਧਨ, ਗ਼ੁਲਾਮੀ ਦੇ ਵੀ ਹਨ ਅਤੇ ਵਿਕਾਰਾਂ ਦੇ ਵੀ। ਵਿਅਕਤੀਗਤ ਬੁਰੀਆਂ ਆਦਤਾਂ, ਸਮੂਹਿਕ ਜਾਤ-ਪਾਤ ਦਾ ਕੋਹੜ, ਬਾਹਰੀ ਕਰਮ-ਕਾਂਡ ਤੇ ਪਾਖੰਡ ਨਾਲ ਪੈਸੇ-ਸਮੇਂ-ਸ਼ਕਤੀ ਦੀ ਹਾਨੀ ਅਤੇ ਸੰਘਰਸ਼ ਕਰਨ ਵੱਲੋਂ ਅਸਮਰੱਥਾ, ਸਭ ਬੰਧਨ ਹਨ। ਗੁਰੂ ਜੀ ਨੇ ਸਰੀਰਕ ਬੱਲ ਅਤੇ ਆਤਮਕ ਬੱਲ, ਦੋਨਾਂ ਨੂੰ ਵਧਾਉਣ ਵੱਲ ਧਿਆਨ ਦਿੱਤਾ। ਉਨ੍ਹਾਂ ਸਾਰੇ ਬੰਧਨਾਂ ਨੂੰ ਕੱਟਣ ਲਈ ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਕਿ "ਔਗੁਣ ਸਾਡੀਆਂ ਜੰਜੀਰਾਂ ਹਨ, ਇਨ੍ਹਾਂ ਨੂੰ ਗੁਣਾਂ ਨਾਲ ਕੱਟ ਦੇਣ ਵਾਲੇ ਹੀ ਵੀਰ ਯੋਧੇ ਹਨ" ਨੂੰ ਦੁਹਰਾਇਆ:

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥ (ਪੰਨਾ ੧੪੨੯, ਸਲੋਕ ਮ: ੯)

**ਜੀਨਜ਼ ਤੇ ਮੀਮਜ਼ (Genes & Memes):-**

ਅਮਰੀਕਾ ਨਿਵਾਸੀ, ਪ੍ਰਸਿੱਧ ਚਕਿਤਸਕ ਅਤੇ ਸਿੱਖ ਵਿਦਵਾਨ ਡਾ. ਹਰਬੰਸ ਲਾਲ ਹੁਰਾਂ ਬੜਾ ਸੋਹਣਾ ਸਮਝਾਇਆ ਹੈ ਕਿ ਮਨੁੱਖ ਜੀਨਜ਼ ਅਤੇ ਮੀਮਜ਼ ਦਾ ਮਿਸ਼ਰਣ ਹੈ। ਖਾਨਦਾਨੀ ਨਸਲੀ ਗੁਣਾਂ-ਵਿਸ਼ੇਸ਼ਤਾਵਾਂ ਅਤੇ ਸੰਸਕਾਰੀ ਜੀਵਨ ਸ਼ੈਲੀਆਂ ਦੀ ਪੀੜੀ ਦਰ ਪੀੜੀ ਵਿਰਾਸਤ ਨਾਲ ਵਿਅਕਤੀਗਤ ਜਾਂ ਸਮੁਦਾਇਕ ਵਿਵਹਾਰ ਦੀ ਘਾੜਤ ਹੁੰਦੀ ਹੈ। ਜੀਨਜ਼ ਨੂੰ ਬਹੁਤ ਵੱਧ ਮਹੱਤਵ ਕੇਵਲ ਨਸਲੀ ਜਾਤੀ ਵਾਲੇ ਵਿਦਵਾਨ ਦੇਂਦੇ ਹਨ। ਵਿਵਹਾਰਕ ਪਹੁੰਚ ਅਤੇ ਸੰਸਕਾਰੀ ਵਿਰਾਸਤ ਨੂੰ ਧਰਮ, ਸਭਿਆਚਾਰ, ਆਰਥਿਕ ਪਹੁੰਚ ਅਤੇ ਜੀਵਨ ਸ਼ੈਲੀਆਂ ਦਾ ਈਮਾਨ, ਘਾਲਣਾ, ਮਿਹਨਤ ਜਾਂ ਆਲਸ, ਕੰਮਚੋਰੀ, ਲੁੱਟ-ਠੱਗੀ ਦੀਆਂ ਆਦਤਾਂ ਵਾਲਾ ਪੱਖ ਘੜਦਾ ਹੈ।

ਸਾਧੋ ਰਚਨਾ ਰਾਮ ਬਨਾਈ ॥ ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ (ਪੰਨਾ ੨੧੯, ਗਉੜੀ ਮਹਲਾ ੯)

Deepak Chopra ਨੇ ਆਪਣੀ ਪੁਸਤਕ "Life After Death" ਜੀਵਾਂ ਦੇ ਨਾਲ ਵਿਵਹਾਰਕ ਰੂਪ ਵਾਲੀਆਂ ਜੀਨਜ਼ ਨੂੰ Virtual Genes ਕਿਹਾ ਹੈ। ਇੱਥੇ ਮੀਮਜ਼ ਨੂੰ ਵਿਵਹਾਰਕ-ਸੰਸਕਾਰੀ ਜਟਿਲ ਗੁੱਛਾ (Behavioral Complex Psychological Cluster or Bunch) ਕਹਿ ਸਕਦੇ ਹਾਂ। ਹਰ ਪੀੜ੍ਹੀ ਵਿੱਚ, ਨਵੀਂ ਤਕਨੀਕੀ ਖੋਜ, ਸਿੱਖਿਆ ਅਤੇ ਸਭਿਆਚਾਰਕ ਮਿਸ਼ਰਨ (Cultural Fusion) ਨਾਲ ਮੀਮਜ਼ ਬਦਲਦੇ ਜਾਂਦੇ ਹਨ। ਧਾਰਮਿਕ ਟੈਕਸਟ ਤੇ ਨੇਮ, ਇਨ੍ਹਾਂ ਨੂੰ ਬਹੁਤ ਹੱਦ ਤੱਕ ਘੜਦੇ ਹਨ।

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥(ਪੰਨਾ ੬੩੩, ਸੋਰਠਿ ਮਹਲਾ ੯)

ਨੌਵੇਂ ਗੁਰੂ ਜੀ ਨੇ ਗੁਰਮਤਿ ਦੀ ਮਾਨਵੀ ਘਾੜਤ ਦੀ ਟਕਸਾਲੀ ਪ੍ਰਕਿਰਿਆ ਹੀ ਦ੍ਰਿੜ ਕਰਵਾਈ ਜਿਸ ਵਿੱਚ ਸੰਸੇ, ਭਰਮ, ਵਹਿਮ, ਪਾਖੰਡ, ਬਾਹਰੀ ਕਰਮਾਂ ਨਾਲ ਰੂਹਾਨੀ ਪ੍ਰਾਪਤੀ ਦੀ ਆਸ ਦੇ ਭੁਲੇਖੇ ਦੂਰ ਕੀਤੇ। ਗੁਰੂ ਤੇਗ ਬਹਾਦਰ ਸਾਹਿਬ ਜਿੱਥੇ ਗਿਆਨੀ ਦੀ ਪਰਿਭਾਸ਼ਾ ਦੇਂਦੇ ਆਖਦੇ ਹਨ ਕਿ ਨਾ ਤਾਂ ਭੈ ਦੇਣ ਵਾਲਾ ਅਤੇ ਨਾ ਹੀ ਭੈ ਮੰਨਣ ਵਾਲਾ ਹੀ ਅਸਲ ਗਿਆਨੀ ਹੈ, ਉੱਥੇ ਬਿਖਿਆ (ਢਾਉ ਅਤੇ ਨਕਾਰਾਤਮਕ ਰੁਚੀਆਂ) ਨੂੰ ਛੱਡਣ ਦੀ ਉੱਚਤਮ ਸੀਮਾ 100% ਨਿਸ਼ਚਤ ਕਰਦੇ ਹਨ। ਭਾਵ, ਇਸ ਦੀ ਸੰਭਾਵਨਾ ਹੈ। ਇਸ ਬਾਰੇ ਅਨੰਦ ਸਾਹਿਬ ਵਿੱਚ ਗੁਰੂ ਅਮਰਦਾਸ ਜੀ "ਕੂੜ ਕੀ ਸੋਇ ਪਹੁੰਚੇ ਨਾਹੀ" ਦਾ ਸੰਕੇਤ ਦੇਂਦੇ ਹਨ।

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥(ਪੰਨਾ ੧੪੨੭, ਸਲੋਕ ਮਹਲਾ ੯)

ਸਗਲੀ ਦਾ ਭਾਵ ਹੈ, ਸੌ ਪ੍ਰਤੀਸ਼ਤ। ਜਿਸ ਵਿਅਕਤੀ, ਪਰਿਵਾਰ ਜਾਂ ਸਮਾਜ ਨੇ, ਜਿੰਨੀ ਬਿਖਿਆ ਛੱਡੀ ਹੈ, ਓਨੇ ਓਨੇ ਉਸ ਦੇ ਖ਼ੁਸ਼ਹਾਲ ਹੋਣ ਦੇ ਭਾਗ ਜਾਗੇ ਹਨ। ਜਿੰਨੀ ਕੁ ਬਿਖਿਆ, ਜੀਵਨ ਮਾਡਲ ਦੇ ਰੂਪ ਵਿੱਚ ਆਪਣੇ ਅੰਦਰ ਜੀਵਤ ਰੱਖੀ ਹੈ, ਓਨਾ ਕੁ ਪੱਛੜਿਆਪਣ ਅਤੇ ਬੁਰਾਈ ਉਸ ਵਿਅਕਤੀ, ਸਮਾਜ ਜਾਂ ਕੌਮ ਵਿੱਚ ਹੋਣੀ ਨਿਸ਼ਚਤ ਹੈ। ਇਹ ਮਾਨਵੀ ਵਿਕਾਸ ਦੀ ਪ੍ਰਕਿਰਿਆ ਦਾ ਅਨੁਪਾਤਕ ਸਿੱਧਾ ਮਾਪਦੰਡ ਹੈ।

**ਬੌਧਿਕ ਸੰਪਦਾ (Intellectual Property):-**

ਬੌਧਿਕ ਸੰਪਦਾ ਇਸ ਵੇਲੇ, ਦੁਨੀਆ ਦੀ ਸਭ ਤੋਂ ਸ੍ਰੇਸ਼ਟ ਪੂੰਜੀ ਹੈ। ਵਿਕਸਤ ਦੇਸ਼ਾਂ ਨੇ ਇਸੇ ਦੇ ਆਸਰੇ ਉੱਨਤੀ ਕੀਤੀ ਹੈ। ਉੱਥੇ ਵੀ ਨੈਤਿਕ-ਬੰਦਿਸ਼ਾਂ ਘਟਣ ਨਾਲ, ਪੱਛੜ ਜਾਣ ਦਾ ਖ਼ਦਸ਼ਾ ਹੈ। ਗੁਰੂ ਨਾਨਕ ਦੇਵ ਸਾਹਿਬ ਨੇ "ਮਤਿ ਵਿਚਿ ਰਤਨ ਜਵਾਹਰ ਮਾਣਿਕ" ਹੋਣ ਦੀ ਗੱਲ ਦੱਸੀ ਸੀ। ਨੌਵੇਂ ਗੁਰੂ ਜੀ ਨੇ ਆਤਮਕ ਪੂੰਜੀ (Spiritual Capital) ਦਾ ਸਪੱਸ਼ਟ ਐਲਾਨ ਕੀਤਾ ਹੈ, ਭਾਵ ਗੁਰੂ ਘਰ ਵਿੱਚ ਹਰੀ ਨਾਮ ਦਾ ਧਨ ਅਮੁੱਕ ਹੈ। ਇਸੇ ਦੇ ਆਸਰੇ ਹੀ ਧਰਮ ਦੀ ਰਾਖੀ, ਸੰਘਰਸ਼ ਅਤੇ ਪਰਉਪਕਾਰ ਸੰਭਵ ਹੈ:

ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥ ... ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥ (ਪੰਨਾ ੧੧੮੬, ਬਸੰਤੁ ਮਹਲਾ ੯)

"ਬਿਧਿ ਕੀ ਸੰਪੈ" ਇਕ ਜੀਵਨ ਮਾਡਲ ਹੈ। "ਤਿਹ ਇਹ ਜੁਗਤਿ ਪਛਾਨੀ॥" ਦੇ ਰੂਪ ਵਿੱਚ ਵੀ ਨੌਵੇਂ ਪਾਤਸ਼ਾਹ ਨੇ ਸੰਕੇਤ ਦਿੱਤਾ ਹੈ। "Wealth of God's Virtues" ਰੱਬੀ ਗੁਣਾਂ ਦੀ ਦੌਲਤ, ਜਿਸ ਮਨੁੱਖ ਜਾਂ ਸਮਾਜ ਕੋਲ ਹੋਵੇ, ਉਹ ਨਿਜ ਸੁੱਖ ਵਿੱਚ ਸਮਾ ਜਾਂਦਾ ਹੈ। ਅੰਦਰੂਨੀ ਰਤਨ ਜਵਾਹਰ ਲੱਭਦੇ ਹਨ, ਮਾਇਆ ਦੀ ਪਕੜ ਤੇ ਅਕੜ ਖ਼ਤਮ ਹੁੰਦੀ ਹੈ। ਮਾਇਆ ਸੇਵਕ ਬਣ ਕੇ, ਸਭ ਕਾਜ ਸੰਵਾਰਦੀ ਹੈ। ਗੁਰੂ ਸਾਹਿਬ ਗੁਰਬਾਣੀ ਵਿੱਚ ਆਏ ਉਮਰ ਬੋਧ ਦੇ ਸੰਵਾਦ ਨੂੰ ਸਮੇਟਦੇ ਹੋਏ ਇੱਕ ਨਿਰਣਾ ਦੇਂਦੇ ਹਨ। ਬਾਲ, ਜਵਾਨੀ ਅਤੇ ਬਿਰਧਪੁਣੇ ਤਿੰਨਾ ਵਿੱਚ ਵਿਕਾਸ ਸੰਭਵ ਹੈ। ਜੇਕਰ ਇਹ ਪ੍ਰਭੂ ਦੇ ਭਜਨ, ਭਾਵ ਸੁਰਤੀ ਦੀ ਏਕਤਾ, ਪਰਉਪਕਾਰ ਦੀ ਭਾਵਨਾ ਅਤੇ ਆਤਮ-ਚਿੰਤਨ ਬਿਨਾਂ ਹੋਣ ਤਾਂ ਜੀਵਨ ਬਿਰਥਾ ਹੈ। ਵਿਕਾਸ ਤਾਂ ਕਿਸੇ ਵੀ ਅਵਸਥਾ ਵਿੱਚ ਸੰਭਵ ਹੈ, ਪਰ ਜੀਵਨ ਦੀ ਅਨਿਸਚਿਤਤਾ ਦੇ ਕਰਕੇ, ਬਚਪਨ ਅਤੇ ਜਵਾਨੀ ਦੇ ਜ਼ੋਰ ਵਿੱਚ ਜੋ ਅਧਾਰ ਬਣ ਜਾਂਦੇ ਹਨ, ਉਹੋ ਹੀ ਬਿਰਧ ਅਵਸਥਾ ਵਿੱਚ ਸਹਾਈ ਹੁੰਦੇ ਹਨ। ਬਿਰਧ ਅਵਸਥਾ ਵਿੱਚ ਵੀ ਕੋਈ ਕਰਮ ਖੁੱਲ ਜਾਣ ਤਾਂ ਹਰੀ ਭਜਨ ਦੀ ਰਾਸ ਪੂੰਜੀ ਦੇ ਬਕਾਏ ਮਿਲਣਗੇ, ਪਰ ਦਾਅਵਾ ਨਹੀਂ ਕਰ ਸਕਦੇ।

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ॥੪੭॥(ਪੰਨਾ ੧੪੨੯, ਸਲੋਕ ਮ: ੯)

**ਅੰਤਿਕਾ:-**

ਮਾਨਵੀ ਵਿਕਾਸ (Human Resource Development) ਦੀ ਵਿਸ਼ੇਸ਼ ਧਾਰਣਾ ਵਿਕਸਤ ਦੇਸ਼ਾਂ ਵਿੱਚੋਂ ਆਈ ਹੈ। ਜਪੁਜੀ ਦੀ 38-ਵੀਂ ਪਉੜੀ ਵਿੱਚ ਸੁਨਿਆਰੇ ਦੀ ਵਰਕਸ਼ਾਪ ਦੀ ਉਦਾਹਰਣ "ਸ਼ਬਦ" (Personality ਸ਼ਖਸੀਅਤ) ਦੀ ਘਾੜਤ ਬਾਰੇ ਦੱਸਦੀ ਹੈ। ਇਸੇ ਸ਼ਬਦ ਦੇ ਨਿਰਾਕਾਰ ਦੇ ਰੂਪ ਨੇ ਹੀ ਨਾਮ ਦੀ ਵਿਸ਼ਾਲ ਰੱਬੀ ਹੋਂਦ 'ਚੋਂ, ਸਰਗੁਣ ਗੁਰਬਾਣੀ ਰੂਪ-ਸਰੂਪ ਧਾਰਿਆ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਾਨਵੀ ਘਾੜਤ ਨੂੰ ਕੇਂਦਰ ਵਿੱਚ ਰੱਖਿਆਂ ਹੀ ਸਾਡਾ ਕਲਿਆਣ ਹੋਣਾ ਹੈ। "ਨਉ ਨਿਧਾਂ" ਸਾਡੇ ਹਿਰਦੇ ਜਾਂ ਘਰ-ਸਮਾਜ ਵਿੱਚ ਤਾਂ ਹੀ ਧਾਅ ਕੇ ਆਉਣਗੀਆਂ, ਜੇ ਨੌਵੇਂ ਪਾਤਸ਼ਾਹ ਦੇ ਜੀਵਨ-ਫਲਸਫੇ ਨੂੰ ਧਾਰਨ ਕਰਾਂਗੇ।

# ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਅਤੇ ਨੀਸਾਣੁ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)

ਹੁਕਮਨਾਮਾ ਸ਼ਬਦ ਦੋ ਸ਼ਬਦਾਂ 'ਹੁਕਮ' ਅਤੇ 'ਨਾਮਾ' ਦੇ ਜੋੜ ਤੋਂ ਬਣਿਆ ਹੈ। ਹੁਕਮ ਦੇ ਅਰਥ ਹਨ ਆਗਿਆ, ਫੁਰਮਾਨ, ਫਤਵਾ, ਪਰਵਾਨਾ ਅਤੇ ਨਾਮਾ ਦਾ ਭਾਵ ਹੈ ਚਿੱਠੀ, ਖ਼ਤ, ਲਿਖਤ । ਇਸ ਤਰਾਂ ਹੁਕਮਨਾਮਾ ਉਹ ਲਿਖਤ ਹੈ ਜਿਸ ਵਿੱਚ ਕੋਈ ਹੁਕਮ ਜਾਂ ਆਗਿਆ ਕੀਤੀ ਗਈ ਹੋਵੇ ਜਿਸਦੀ ਪਾਲਣਾ ਕਰਨਾ ਬਹੁਤ ਜਰੂਰੀ ਹੋਵੇ। ਆਧੁਨਿਕ ਸਮੇਂ ਵਿੱਚ ਜਾਂ ਤਾਂ ਅਸੀਂ ਉਸ ਹੁਕਮਨਾਮੇ ਤੌਂ ਵਾਕਿਫ ਹਾਂ, ਜਿਹੜਾ ਸ਼ਬਦ ਮੁੱਖ ਰੂਪ ਵਿੱਚ ਕਿਸੇ ਸਮਾਗਮ ਦੀ ਆਰੰਭਤਾ ਜਾਂ ਸਮਾਪਤੀ ਸਮੇਂ ਜੋ ਗੁਰੂ ਗ੍ਰੰਥ ਸਾਹਿਬ ਜੀਂ ਵਿਚੋਂ ਸਿੱਖ ਰਹਿਤ ਮਰਯਾਦਾ ਵਿੱਚ ਅਨੁਸਾਰ ਪੜ੍ਹਿਆ ਜਾਂਦਾ ਹੈ।ਇਹ ਸਿੱਖ ਸੰਗਤ ਲਈ ਬਹੁਤ ਸਤਿਕਾਰਯੋਗ ਹੈ।ਦੂਸਰਾ ਅਸੀਂ ਉਹਨਾਂ ਹੁਕਮਨਾਮਿਆਂ ਤੋਂ ਵਾਕਿਫ ਹਾਂ ਜਿਹੜੇ ਅਕਾਲ ਤਖਤ ਜਾਂ ਹੋਰ ਤਖਤਾਂ ਤੋਂ ਪੰਥਕ ਰਵਾਇਤਾਂ ਅਨੁਸਾਰ ਜਾਰੀ ਹੁੰਦੇ ਹਨ ਪਰ ਇਸਦੀ ਸਿਆਸੀ ਦੁਰਵਰਤੋਂ ਨੇ ਇਸਦਾ ਸਤਿਕਾਰ ਘਟਾ ਦਿੱਤਾ ਹੈ।

## ਹੁਕਮਨਾਮਾ ਅਤੇ ਨੀਸਾਣੁ ਦਾ ਇਤਿਹਾਸਕ ਪਿਛੋਕੜ

ਅਸੀਂ ਉਹਨਾਂ ਹੁਕਮਨਾਮਿਆਂ ਬਾਰੇ ਗੱਲ ਕਰਨੀ ਹੈ ਜਿਹੜੇ ਗੁਰੂ ਸਾਹਿਬਾਨ ਦੇ ਭੌਤਿਕ ਸਰੀਰ ਵਿੱਚ ਹੁੰਦੇ ਹੋਏ ਸੰਚਾਰ ਵਿਵਸਥਾ ਨਾ ਹੋਣ ਕਾਰਨ ਵੱਖ ਵੱਖ ਸਮਿਆਂ ਤੇ ਵੱਖ ਵੱਖ ਸੰਗਤ ਲਈ ਭੇਜੇ। ਗੁਰੂ ਨਾਨਕ ਦੇਵ ਜੀ ਨੇ ਹੀ ਪ੍ਰਚਾਰ ਫੇਰੀਆਂ ਦੌਰਾਨ ਸ਼ਬਦ ਸੂਝ ਦੇਣ ਦੇ ਨਾਲ ਨਾਲ ਸਿਫਤ ਸਲਾਹ ਕਰਨ ਲਈ ਸੰਗਤਾਂ ਸਥਾਪਤ ਕਰ ਦਿੱਤੀਆਂ ਸਨ। ਜਿਉਂ ਜਿਉਂ ਸਿੱਖੀ ਵਿੱਚ ਵਧੇਰੇ ਲੋਕ ਆਉਂਦੇ ਗਏ, ਇਹ ਕਾਫਲਾ ਹੋਰ ਵੱਡਾ ਹੋਰ ਵੱਡਾ ਹੁੰਦਾ ਗਿਆ।



ਸ੍ਰ. ਜਸਵਿੰਦਰ ਸਿੰਘ ਰੁਪਾਲ

ਉਹਨਾਂ ਨੂੰ ਸਾਂਝੇ ਹਿਤਾਂ ਲਈ ਜੁੜਨ ਦੇ ਮੌਕੇ ਗਏ। ਪ੍ਰਬੰਧ ਨੂੰ ਸੌਖਾ ਕਰਨ ਲਈ ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸਥਾਪਨਾ ਕੀਤੀ, ਸੰਗਠਨ ਪੱਕਾ ਕਰਨ ਲਈ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਸ਼ੁਰੂ ਕੀਤੀ। ਪਹਿਲਾਂ ਤਾਂ ਇਹ ਮਸੰਦ ਵਧੀਆ ਢੰਗ ਨਾਲ ਸੇਵਾ ਕਰਦੇ ਰਹੇ ਪਰ ਸਮਾਂ ਪਾ ਕੇ ਇਹਨਾਂ ਵਿੱਚ ਕੁਝ ਕੁਰੀਤੀਆਂ ਆਈਆਂ, ਜਿਹੜੀਆਂ ਹੋਰ ਵਧਣ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਪ੍ਰਥਾ ਬੰਦ ਕਰਨੀ ਪਈ। ਮਸੰਦਾਂ ਦਾ ਇਤਬਾਰ ਜਾਂਦਾ ਰਿਹਾ ਹੋਣਾ ਵੀ ਹੁਕਮਨਾਮੇ ਦੀ ਆਰੰਭਤਾ ਦਾ ਇੱਕ ਕਾਰਨ ਹੈ। ਹੁਕਮਨਾਮੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਭੇਜੇ ਜਾਣੇ ਆਰੰਭ ਹੋਏ, ਗੁਰੂ ਗੋਬਿੰਦ ਸਿੰਘ ਜੀਂ ਤੱਕ ਸਭ ਗੁਰੂ, ਮਾਤਾ ਗੁਜਰੀ ਜੀ, ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ, ਬੰਦਾ ਸਿੰਘ ਬਹਾਦਰ ਦੇ ਹੁਕਮਨਾਮੇ ਮਿਲਦੇ ਹਨ।

ਡਾ. ਗੰਡਾ ਸਿੰਘ ਜੀ ਅਨੁਸਾਰ ਕੁੱਲ 84 ਹੁਕਮਨਾਮੇ ਅਤੇ 5 ਨੀਸਾਣੁ ਪ੍ਰਾਪਤ ਹਨ।

ਗੁਰੂ ਸਾਹਿਬ ਦਾ ਹੁਕਮਨਾਮਾ, ਕਿਸੇ ਮੇਵੜੇ ਦੇ ਹੱਥ ਜਦੋਂ ਸੰਗਤ ਦੇ ਨਾਂ ਪੁੱਜਦਾ ਸੀ, ਉਸ ਨੂੰ ਸਤਿਕਾਰ ਨਾਲ ਮੁਖੀਆ ਆਪਣੇ ਸੀਸ ਤੇ ਰੱਖ ਕੇ ਸੰਗਤ ਨੂੰ ਪੜ੍ਹ ਕੇ ਸੁਣਾਂਦਾ ਸੀ। ਹੁਕਮਨਾਮਾ ਸਿੱਖਾਂ ਦਾ ਗੁਰੂ ਨਾਲ ਪਿਆਰ ਪ੍ਰਗਟਾਉਂਦਾ ਹੈ। ਗੁਰੂ ਜੀ ਸੰਗਤਾਂ ਨੂੰ ਅਸੀਸਾਂ ਦਿੰਦੇ ਸਨ। ਹਰ ਹੁਕਮ ਦਾ ਪੂਰੀ ਤਰਾਂ ਪਾਲਣ ਕਰਨਾ ਸਿੱਖ ਆਪਣਾ ਫਰਜ ਸਮਝਦੇ ਸਨ। ਫੁਰਮਾਨ ਵੀ ਹੈ:

ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ॥ (ਪੰਨਾ ੧੦੮, ਮਾਝ ਮਹਲਾ ੫)।

ਸਿੱਖ ਸੰਗਤ ਦਾ ਆਪਣੇ ਗੁਰੂ ਪ੍ਰਤੀ ਸਤਿਕਾਰ ਉਸਦੇ ਹਰ ਹੁਕਮ ਨੂੰ ਮੰਨਣ ਦਾ ਚਾਅ ਅਤੇ ਉਤਸ਼ਾਹ ਬਣਾਈ ਰੱਖਦਾ ਸੀ। ਹੁਕਮਨਾਮਾ ਲੈ ਕੇ ਆਉਣ ਵਾਲੇ ਦਾ ਵੀ ਸਤਿਕਾਰ ਕੀਤਾ ਜਾਂਦਾ ਅਤੇ ਉਸਨੂੰ ਮਾਣ ਭੇਟਾ ਵੀ ਦਿੱਤੀ ਜਾਂਦੀ ਸੀ ।

## ਨੀਸਾਣੁ

ਨੀਸਾਣੁ ਸ਼ਬਦ ਫ਼ਾਰਸੀ ਦੇ ਨਿਸ਼ਾਨ ਦਾ ਬਦਲਿਆ ਹੋਇਆ ਰੂਪ ਹੈ। ਰਾਜੇ ਮਹਾਰਾਜੇ ਆਪਣੇ ਹੁਕਮ ਤੇ ਕੋਈ ਖਾਸ ਨਿਸ਼ਾਨ ਲਗਾ ਦਿੰਦੇ ਸਨ ਜੋ ਫ਼ਾਰਸੀ ਦਾ ਅੱਖਰ -"ਅੱਧਾ ਸੁਆਦ" ਦਾ ਚਿੰਨ੍ਹ ਹੁੰਦਾ ਸੀ ਜਿਸ ਦਾ ਅਰਥ ਸਹੀ ਹੁੰਦਾ ਸੀ। ਅੰਗਰੇਜਾਂ ਤੋਂ ਬਾਅਦ ਆਪਣਾ ਨਾਮ (ਜਾਂ ਦਸਤਖ਼ਤ) ਲਿਖਣ ਦਾ ਰਿਵਾਜ ਪਿਆ, ਪਰ ਸਹੀ ਲਿਖਿਆ ਜਾਣਾ ਜਾਰੀ ਰਿਹਾ। ਆਪਣੇ ਨਾਮ ਦੀ ਮੋਹਰ ਵੀ ਵਰਤੀ ਜਾਂਦੀ ਸੀ। ਗੁਰੂ ਸਾਹਿਬਾਨ ਦੇ ਸਮੇਂ ਦੋ ਥਾਵਾਂ ਤੇ ਇਸਦੀ ਵਰਤੋਂ ਹੋਈ ਹੈ। ਜਿਹੜੇ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੱਥੀਂ ਲਿਖਦੇ ਸਨ, ਪੂਰੀ ਹੋਣ ਤੇ ਗੁਰੂ ਸਾਹਿਬ ਨੂੰ ਦਿਖਾਉਣ ਲੈ ਆਉਂਦੇ ਸਨ। ਗੁਰੂ ਸਾਹਿਬ ਖੁਸ਼ੀ ਨਾਲ ਆਪਣੇ ਹੱਥ ਨਾਲ ਨਿਸ਼ਾਨ ਪਾ ਦਿੰਦੇ ਸਨ। ਗੁਰੂ ਸਾਹਿਬਾਨ ਸਮੇ ਇਹ ੧ਓ ਸਤਿਨਾਮ ਕਰਤਾ ਪੁਰਖੁ, ਨਿਰਭਉ, ਨਿਰਵੈਰ, ਅਕਾਲਿ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ ; ੧ਓ ਗੁਰੂ ਸਤਿ; ਗੁਰੂ ਸਤਿ ; ੧ ਓ ਸਤਿਗੁਰ ਪ੍ਰਸਾਦਿ ; ਗੁਰੂ ਰਖੇਗਾ; ਗੁਰੂ ਗੁਰ ਜਪਣਾ ਵਰਗੇ ਛੋਟੇ ਛੋਟੇ ਅੱਖਰ ਰਿਹਾ। ਗੁਰੂ ਸਾਹਿਬ ਨੇ ਆਪਣਾ ਨਾਮ ਨਹੀਂ ਲਿਖਿਆ। ਇਹ ਉਨ੍ਹਾਂ ਦੀ ਨਿਸ਼ਾਨੀ ਸੀ ਜਿਸ ਨੂੰ ਸਿੱਖ ਬਹੁਤ ਸਤਿਕਾਰ ਦਿੰਦੇ ਸਨ। ਇਸਦਾ ਅਰਥ ਉਸ ਬੀੜ ਦੇ ਪ੍ਰਮਾਣਿਕ ਹੋਣ ਨਾਲ ਜਾਂ ਸ਼ੁੱਧ ਹੋਣਾ ਨਹੀਂ ਸੀ। ਨੀਸਾਣੁ ਗੁਰੂ ਸਾਹਿਬ ਦੇ ਆਪਣੇ ਹੱਥ ਨਾਲ ਲਿਖਿਆ ਹੋਇਆ ਨਿਸ਼ਾਨੀ ਦੇ ਰੂਪ ਵਿੱਚ ਛੋਟਾ ਵਾਕ ਅੰਸ਼ ਹੈ।

ਦੂਸਰੀ ਵਰਤੋਂ ਹੁਕਮਨਾਮੇ ਤੇ ਹੁੰਦੀ ਸੀ। ਹੁਕਮਨਾਮੇ ਜਾਂ ਤਾਂ ਗੁਰੂ ਸਾਹਿਬ ਦੇ ਆਪਣੇ ਹੱਥ ਨਾਲ ਲਿਖੇ ਮਿਲਦੇ ਹਨ, ਜਾਂ ਉਹਨਾਂ ਨੇ ਕਿਸੇ ਲਿਖਾਰੀ ਤੋਂ ਲਿਖਵਾਇਆ ਹੁੰਦਾ ਸੀ। ਲਿਖਾਰੀ ਦੇ ਲਿਖੇ ਹੁਕਮਨਾਮੇ ਤੇ ਨਿਸ਼ਾਨ ਦੀ ਵਰਤੋਂ ਲਾਜ਼ਮੀ ਹੁੰਦੀ ਸੀ ਜਿਹੜੀ ਸਹੀ ਕਰਦੀ ਸੀ ਕਿ ਹੁਕਮਨਾਮਾ ਗੁਰੂ ਜੀ ਦਾ ਹੀ ਹੈ। ਉਹ ਆਰੰਭ ਵਿੱਚ ਲਿਖ ਦਿੰਦਾ ਸੀ "ਸ੍ਰੀ ਸਤਿਗੁਰੂ ਜੀ ਕੀ ਆਗਿਆ ਹੈ "। ਅਖੀਰ ਤੇ ਗੁਰੂ ਦੀ ਅਸੀਸ , ਤਾਰੀਖ ਅਤੇ ਪੰਕਤੀਆਂ ਦਾ ਜੋੜ ਵੀ ਲਿਖ ਦਿੰਦਾ ਸੀ ਤਾਂ ਕਿ ਮਿਲਾਵਟ ਨਾ ਹੋ ਸਕੇ।

## ਅਲੋਪ ਹੋਏ ਹੁਕਮਨਾਮੇ ਅਤੇ ਨਕਲੀ ਹੁਕਮਨਾਮੇ

ਕੁਝ ਤਾਂ ਅਸਲੀ ਹੁਕਮਨਾਮੇ ਵੀ ਅਲੋਪ ਹੋ ਗਏ। ਮਸੰਦ ਪ੍ਰਥਾ ਖਤਮ ਹੋਣ ਤੇ ਉਹਨਾਂ ਨੇ ਹੁਕਮਨਾਮੇ ਸੰਭਾਲਣ ਵੱਲ ਧਿਆਨ ਨਹੀਂ ਦਿੱਤਾ। ਕਿਉਂਕਿ ਸਿੰਘਾਂ ਤੇ ਹੋ ਰਹੇ ਜ਼ੁਲਮਾਂ ਦੌਰਾਨ ਉਹਨਾਂ ਨੂੰ ਆਪਣੀ ਜਾਨ ਦਾ ਹੀ ਖਤਰਾ ਸੀ।

ਸਰਸਾ ਨਦੀ ਵਿੱਚ ਬਹੁਤ ਸਾਰਾ ਸਾਹਿਤ ਰੁੜ੍ਹਿਆ ਸੀ, ਉਥੇ ਵੀ ਕੁਝ ਹੁਕਮਨਾਮੇ ਖਤਮ ਹੋਏ ਹੋ ਸਕਦੇ ਹਨ। ਜੂਨ 84 ਦੇ ਆਰਮੀ ਐਕਸ਼ਨ ਵੇਲੇ ਵੀ ਲਾਇਬਰੇਰੀ ਦੇ ਸਮਾਨ ਦਾ ਫੌਜ ਵਲੋਂ ਨਸ਼ਟ ਕਰਨਾ ਅਤੇ ਵਾਪਸ ਕਰਨ ਦੀ ਕਹਾਣੀ ਅੱਜ ਤੱਕ ਸਾਹਮਣੇ ਨਹੀਂ ਆ ਸਕੀ। ਕੁਝ ਹੁਕਮਨਾਮੇ ਨਕਲੀ ਵੀ ਬਣਾਏ ਗਏ ਹਨ ਅਤੇ ਵਿਦਵਾਨਾਂ ਨੇ ਉਹਨਾਂ ਵਿਚ ਕੀਤੀ ਛੇੜਛਾੜ ਵੀ ਲੱਭੀ ਹੈ, ਕਿਉਂਕਿ ਪੁਰਾਤਨ ਦਰਸਾ ਕੇ ਮਾਇਆ ਬਟੋਰਨ ਦਾ ਲਾਲਚ ਸੀ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਹੁਕਮਨਾਮਿਆਂ ਦੀ ਖੋਜੀ ਵਿਦਵਾਨਾਂ ਲਈ ਅਜੇ ਵੀ ਕਰਨ ਵਾਲਾ ਕਾਫੀ ਕੰਮ ਹੈ, ਕਿਉਂਕਿ ਵਿਰੋਧੀਆਂ ਅਤੇ ਸਵਾਰਥੀ ਲੋਕਾਂ ਨੇ ਲਗਾਤਾਰ ਇਤਿਹਾਸ ਨਾਲ ਛੇੜ ਛਾੜ ਕੀਤੀ ਹੈ ਅਤੇ ਬਦਕਿਸਮਤੀ ਨਾਲ ਬਹੁਗਿਣਤੀ ਸਿੱਖ ਇਸ ਮਸਲੇ ਤੇ ਬਿਲਕੁਲ ਵੀ ਗੰਭੀਰ ਨਹੀਂ ਹਨ।

## ਹੁਕਮਨਾਮਿਆਂ ਦਾ ਵਿਸ਼ਾ

ਉਸ ਸਮੇ ਸੰਚਾਰ ਅਵਸਥਾ ਨਹੀਂ ਸੀ। ਗੁਰੂ ਸਾਹਿਬ ਸਿੱਖਾਂ ਨੂੰ ਤਾਜ਼ਗੀ ਅਤੇ ਊਰਜਾ ਦਿੰਦੇ ਰਹਿਣਾ ਚਾਹੁੰਦੇ ਸਨ। ਇਸ ਲਈ ਵੱਖ ਵੱਖ ਸਮੇਂ ਹੁਕਮਨਾਮੇ ਭੇਜੇ ਜਾਂਦੇ ਰਹੇ। ਜਿਆਦਾਤਰ ਹੁਕਮਨਾਮੇ ਕਿਸੇ ਸਮੂਹ ਸੰਗਤ ਦੇ ਨਾਂ ਹੁੰਦੇ ਸਨ।

ਗੁਰੂ ਜੀ ਆਪਣੀ ਖੁਸ਼ੀ ਜਾਹਰ ਕਰਦੇ ਸਨ, ਆਪਣੀ ਅਸੀਸ ਬਖਸ਼ਦੇ ਸਨ, ਪ੍ਰਚਾਰ ਲਈ ਹਦਾਇਤਾਂ ਹੁੰਦੀਆਂ ਸਨ, ਮਾਇਆ ਜਾਂ ਰਸਦ ਦੀ, ਹਥਿਆਰਾਂ ਦੀ ਮੰਗ ਵੀ ਪਾਈ ਜਾਂਦੀ ਸੀ। ਕਦੇ ਕਿਸੇ ਖਾਸ ਇਕੱਠ ਤੇ ਪੁੱਜਣ ਲਈ ਵੀ ਕਿਹਾ ਗਿਆ ਹੁੰਦਾ ਸੀ।

## ਹੁਕਮਨਾਮਿਆਂ ਦੀ ਭਾਸ਼ਾ

ਹੁਕਮਨਾਮਿਆਂ ਵਿਚ ਭਾਸ਼ਾ ਦੇ ਵਿਕਾਸ ਅਤੇ ਲਿਪੀ ਵਿਚਲੀਆਂ ਤਬਦੀਲੀਆਂ ਨਜਰ ਆਉਂਦੀਆਂ ਹਨ। ਇਹ ਬ੍ਰਜ ਭਾਸ਼ਾ ਤੋਂ ਪ੍ਰੇਰਿਤ ਭਾਸ਼ਾ ਹੈ ਜੋ ਗੁਰਮੁਖੀ ਲਿਪੀ ਵਿੱਚ ਲਿਖੀ ਗਈ ਹੈ। ਵਕਤ ਦੇ ਨਾਲ ਭਾਸ਼ਾ, ਕਹਿਣ ਦਾ ਅੰਦਾਜ਼, ਸ਼ਬਦਾਵਲੀ ਇਤਿਹਾਸਕ ਕ੍ਰਮ ਵਿੱਚ ਖੋਜੀਆਂ ਲਈ ਬਹੁਤ ਮੱਦਦਗਾਰ ਹੈ। ਜਿਵੇਂ ਜਨਮ ਸਾਖੀਆਂ ਦੀ ਭਾਸ਼ਾ ਤੋਂ ਮੌਜੂਦਾ ਭਾਸ਼ਾ ਤੱਕ ਆਈ ਤਬਦੀਲੀ ਭਾਸ਼ਾ ਦੇ ਵਿਕਾਸ ਦੀ ਕਹਾਣੀ ਹੈ। ਕਈ ਹੁਕਮਨਾਮਿਆਂ ਵਿਚ ਲਿਖਿਆ ਹੈ ... ਸੰਗਤਿ ਗੁਰੂ ਕਾ ਖਾਲਸਾ ਹੈ। ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਹਰਿਗੋਬਿੰਦ ਸਿੰਘ ਜੀ ਨੇ ਵੀ ਵਰਤੇ ਹਨ। ਗੁਰੂ ਜੀ ਦਾ ਸੰਗਤ ਨਾਲ ਸਿੱਧਾ ਰਾਬਤਾ ਹੈ। ਖਾਲਸਾ ਉਸ ਜ਼ਮੀਨ ਨੂੰ ਕਹਿੰਦੇ ਸਨ, ਜਿਹੜੀ ਸਿੱਖੀ ਰਾਜੇ ਦੇ ਅਧੀਨ ਹੋਵੇ।

## ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ

ਗੁਰੂ ਤੇਗ ਬਹਾਦਰ ਜੀ ਦਾ ਇੱਕ ਨੀਸਾਣੁ ਮਿਲਦਾ ਹੈ ਅਤੇ 22 ਹੁਕਮਨਾਮੇ ਮਿਲਦੇ ਹਨ। ਇਹਨਾਂ ਵਿਚੋਂ 17 ਹੁਕਮਨਾਮੇ ਗੁਰੂ ਜੀ ਦੇ ਆਪਣੇ ਹੱਥ ਨਾਲ ਲਿਖੇ ਹਨ ਜਦਕਿ 5 ਹੁਕਮਨਾਮੇ ਲਿਖਾਰੀ ਨੇ। ਗੁਰੂ ਜੀ ਨੇ ਵੱਖ ਵੱਖ ਸੰਗਤਾਂ ਦੇ ਨਾਮ ਹੁਕਮਨਾਮੇ ਜਾਰੀ ਕੀਤੇ ਸਨ ਜਿਵੇਂ ਬਨਾਰਸ ਦੀ ਸੰਗਤ ਨੂੰ, ਪਟਨੇ ਦੀ ਸੰਗਤ ਨੂੰ, ਸੰਗਤ ਮਿਰਜਪੁਰ ਜੋਗੁ ਦੇ ਨਾਮ ਹਨ। ਕੁਝ ਹੁਕਮਨਾਮਿਆਂ ਤੇ ਕੁਝ ਸਿੱਖਾਂ ਦੇ ਨਾਮ ਵੀ ਲਿਖੇ ਗਏ ਹਨ। ਜਿਵੇਂ ਭਾਈ ਜਵੇਹਰੀ, ਭਾਈ ਰਾਮਾ, ਭਾਈ ਕਿਰਪਾਲ, ਆਦਿ।

## ਹੁਕਮਨਾਮਿਆਂ ਵਿਚੋਂ ਉਦਾਹਰਣਾਂ

ਸਿਰਫ ਝਲਕ ਕਰਨ ਲਈ ਇੱਕ ਹੁਕਮਨਾਮੇ ਦੀ ਇਬਾਰਤ ਪੇਸ਼ ਹੈ ਤਾਂ ਕਿ ਸਾਨੂੰ ਭਾਸ਼ਾ ਦਾ ਵੀ ਪਤਾ ਲੱਗੇ ਅਤੇ ਲਹਿਜੇ ਦਾ ਵੀ ।

ਨੌਂਵੇਂ ਗੁਰੂ ਤੇਗ ਬਹਾਦਰ ਜੀ ਵਲੋਂ ਸੰਗਤਿ ਪਟਣੇ ਕੀ ਜੋਗੁ - ਗੁਰੂ ਜੀ ਦੀ ਲਿਖਤ ਗੁਰੂ ਰਖੇਗਾ ਭਾਈ ਬਠਾ ਸਰਬਤਿ ਸੰਗਤਿ ਪਟਣ ਦੀ - ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਸੰਗਤ ਦਾ। ਗੁਰੂ ਰੁਜਗਾਰੁ ਕਰੇਗਾ ਸਭ ਮਨੋਰਥ ਪੂਰੇ ਹੋਨਗੇ ਸਰਬਤਿ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ ਜੁ ਸਿਖ ਦਰਸਨਿ ਆਵਗੁ ਸੋ ਨਿਹਾਲ ਹੋਗੁ। ਪਟਣ ਕੀ ਸੰਗਤਿ ਸ੍ਰੀ ਗੁਰੂ ਜੀ ਕਾ ਖਾਲਸਾ ਹੈ ਗੁਰੂ ਸਰਬ ਸੁਖ ਦੇਗੁ ਭਾਈ ਬਠਾ ਸ੍ਰੀ ਗੁਰੂ ਜੀ ਕਾ ਪੁਤੁ ਹੈ ਜੁ ਆਖੇ ਸਰਬਤਿ ਸੰਗਤਿ ਮਨਣਾ ਬਾਹੁੜੀ ਲਿਖਾਰੀ ਦੀ ਲਿਖਤ ਸ੍ਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਬਠਾ ਸਰਬਤਿ ਸੰਗਤਿ ਪਟਣ ਦੀ ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਸੰਗਤ ਦਾ ਗੁਰੂ ਰੁਜਗਾਰੁ ਕਰੈਗਾ ਸਭ ਮਨੋਰਥ ਪੂਰੇ ਹੋਨਗੇ ਸਰਬਤਿ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ ਜੁ ਸਿਖ ਦਰਸਨਿ ਆਵਗੁ ਸੋ ਨਿਹਾਲ ਹੋਗੁ ਪਟਣ ਕੀ ਸੰਗਤਿ ਸ੍ਰੀ ਗੁਰੂ ਜੀ ਕਾ ਖਾਲਸਾ ਹੈ ਗੁਰੂ ਸੰਗਤਿ ਨੋ ਸਰਬ ਸੁਖ ਦੇਗੁ। ਭਾਈ ਬਠਾ ਸ੍ਰੀ ਗੁਰੂ ਜੀ ਕਾ ਪੁਤੁ ਹੈ ਜੁ ਆਖੈ ਸਰਬਤਿ ਸੰਗਤਿ ਮਨਣਾ ਖੁਸ਼ੀ ਹੈ ।

## ਹੁਕਮਨਾਮੇ ਇਤਿਹਾਸ ਦਾ ਸਰੋਤ

ਖੋਜੀ ਖੋਜਦੇ, ਅਧਿਐਨ ਕਰਦੇ ਹਨ ਤਾਂ ਬਹੁਤ ਸਾਰੀਆਂ ਗੱਲਾਂ ਮਿਲਦੀਆਂ ਹਨ ਜਿਹੜੀਆਂ ਉਸ ਸਮੇਂ ਦੇ ਇਤਿਹਾਸ ਦੀ ਝਲਕ ਦਿਖਾ ਜਾਂਦੀਆਂ ਹਨ। ਉਦਾਹਰਣ ਵਜੋਂ ਗੁਰੂ ਤੇਗ ਬਹਾਦਰ ਜੀ ਦੇ ਇੱਕ ਹੁਕਮਨਾਮੇ ਵਿਚ ਲਿਖਿਆ ਹੈ ---

ਕੂਚ ਕੀਏ ਹਮ ਕੋ ਚਾਰ ਦਿਨ ਹੋਏ ਹਹਿ ਰਾਜੇ ਜੀਂ ਕੇ ਕੂਚ ਕੀਏ ਸਾਤ ਰੋਜ ਹੂਏ ਤੋ ਹਮਾਰੇ ਵਾਸਤੇ ਹਮੋ ਨੇ ਮੁਕਾਮ ਕੀਏ ਹੈ ਰਾਤ ਰਾਤ ਕਰਿ ਕੈ ਬਹੁਤ ਸਿਤਾਬੀ ਸਾਥ ਹਮਾਰੇ ਪਾਸ ਆਇ ਪਹੁਚਣਾ ਇਸ ਹੁਕਮਨਾਮੇ ਤੋਂ ਗੁਰੂ ਜੀ ਦਾ ਕਿਸੇ ਰਾਜੇ ਨਾਲ ਜਾਣ ਦਾ ਪਤਾ ਲੱਗਦਾ ਹੈ। ਭਾਵੇਂ ਇੱਥੇ ਰਾਜੇ ਦਾ ਨਾਂ ਨਹੀਂ ਲਿਖਿਆ ਗਿਆ।

ਅਜਿਹੇ ਦਸਤਾਵੇਜ਼ ਦੀ ਖੋਜ ਬਹੁਤ ਮਹੱਤਵਪੂਰਨ ਹੈ ਕਿਉਂਕਿ ਕਿਸੇ ਗੁਰੂ ਸਾਹਿਬ ਵਲੋਂ ਵੀ ਇਤਿਹਾਸ ਜਾਂ ਜੀਵਨੀ ਅੰਸ਼ ਤਾਂ ਲਿਖਿਆ ਨਹੀਂ ਮਿਲਦਾ। ਇਸ਼ਾਰਿਆਂ ਤੋਂ ਹੀ ਉਸ ਸਮੇਂ ਦੇ ਧਾਰਮਿਕ, ਸਮਾਜਿਕ, ਆਰਥਿਕ ਪੱਖ ਪਤਾ ਲੱਗਦੇ ਹਨ। ਗੁਰੂ ਅਤੇ ਸਿੱਖਾਂ ਦੇ ਆਪਸੀ ਸੰਬੰਧ ਦਾ ਪਤਾ ਚੱਲਦਾ ਹੈ। ਗੁਰੂ ਪ੍ਰਤੀ ਸਤਿਕਾਰ ਅਤੇ ਗੁਰੂ ਸਾਹਿਬਾਨ ਦਾ ਸਿੱਖਾਂ ਪ੍ਰਤੀ ਪਿਆਰ ਵੀ ਝਲਕਦਾ ਹੈ। ਅਜੋਕੇ ਪਾਠਕ ਦੀ ਤਰਕਸ਼ੀਲ ਬੁੱਧੀ ਪੁਰਾਤਨ ਸਰੋਤਾਂ ਤੋਂ ਕੁਝ ਸਿੱਖਣ ਦੀ ਥਾਂ ਉਸਦੀ ਆਲੋਚਨਾ ਵਧੇਰੇ ਕਰਦੀ ਹੈ। ਪੁਰਾਤਨ ਸਰੋਤ ਸਾਰੇ ਹੂਬਹੂ ਵਿਸ਼ਵਾਸਯੋਗ ਨਹੀਂ। ਇਹ ਵੀ ਠੀਕ ਹੈ ਕਿ ਬਹੁਤ ਥਾਵਾਂ ਤੇ ਮਿਲਾਵਟ ਵੀ ਹੋ ਸਕਦੀ ਹੈ ਪਰ ਕਿਸੇ ਵੀ ਸਰੋਤ ਨੂੰ ਇੱਕਦਮ ਨਕਾਰਨਾ ਜਾਇਜ਼ ਨਹੀਂ। ਖੋਜੀ ਹੋਰ ਵਧੇਰੇ ਖੋਜ ਕਰਕੇ ਸਚਾਈ ਸਾਹਮਣੇ ਲਿਆ ਸਕਦੇ ਹਨ। ਸਾਨੂੰ ਖੁਦ ਵੀ ਅਧਿਐਨ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ।

(ਵਧੇਰੇ ਜਾਣਕਾਰੀ ਦੇ ਸਰੋਤ ਇਹ ਹਨ)

1.ਨੀਸਾਣੁ ਤੇ ਹੁਕਮਨਾਮੇ : ਸੰਪਾਦਕ ਗੰਡਾ ਸਿੰਘ
2.ਨੀਸਾਣੁ ਤੇ ਹੁਕਮਨਾਮੇ :ਸ਼ਮਸ਼ੇਰ ਸਿੰਘ ਅਸ਼ੋਕ
3.ਹੁਕਮਨਾਮੇ ਸ੍ਰੀ ਗੁਰੂ ਤੇਗ ਬਹਾਦਰ ਜੀ : ਸੰਪਾਦਕ ਫੌਜਾ ਸਿੰਘ )

੯

## ਨੌਵੇਂ ਗੁਰੂ ਤੇਗ ਬਹਾਦੁਰ ਸਾਹਿਬ ਵਲੋਂ ਸੰਗਤਿ ਪਟਣ ਕੀ ਸੰਗੁ

"ਸਰਬਤਿ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ...

ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ..."



[ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ]

੯


[ਗੁਰੂ ਜੀ ਦੀ ਲਿਖਤ]

ਗੁਰੂ ਰਖੇਗਾ ਭਾਈ ਘਨਾ ਸਰਬਤਿ ਸੰਗਤਿ ਪਟਣ ਕੀ
ਗੁਰੂ ਸੰਗਤਿ ਕੀ ਬਾਹੁੜੀ ਕਰੇਗਾ ਸਿਦਕ ਦਾ
ਗੁਰੂ ਰੁਜਗਾਰੁ ਕਰੇਗਾ ਸਭ ਮਨੋਰਥ ਪੂਰੇ
ਹੋਨਗੇ ਸਰਬਤਿ ਸੰਗਤਿ ਦੀਵਾ
ਲੀ ਨੋ ਦਰਸਨਿ ਆਵਣਾ ਜੁ
ਸਿਖ ਦਰਸਨਿ ਆਵਗੁ ਸੋ ਨਿਹਾਲ ਹੋਗੁ
ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਕਾ ਖਾ
ਲਸਾ ਹੈ ਗੁਰੂ ਸਰਬ ਸੁਖ ਦੇਗੁ ਭਾਈ ਘਨਾ
ਸ੍ਰੀ ਗੁਰੂ ਜੀ ਕਾ ਪੁਤ੍ਰ ਹੈ ਜੁ ਆਖੇ ਸਰਬਤਿ ਸੰਗਤਿ ਮਨਣਾ ਬਾਹੁੜੀ

[ਲਿਖਾਰੀ ਦੀ ਲਿਖਤ]

੧ਓ ਸਤਿਗੁਰੂ

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਘਨਾ ਸਰਬਤ ਸੰਗਤਿ ਪਟਣ ਦੀ ਗੁਰੂ ਸੰਗਤਿ ਦੀ ਬਾਹੁੜੀ ਕਰੇਗਾ ਸਿਦਕ ਦਾ ਗੁਰੂ ਰੁਜਗਾਰੁ ਕਰੇਗਾ ਸਭ ਮਨੋਰਥ ਪੂਰੇ ਹੋਨਗੇ ਸਰਬਤ ਸੰਗਤਿ ਦੀਵਾਲੀ ਨੋ ਦਰਸਨਿ ਆਵਣਾ ਜੋ ਸਿਖ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਪਟਣ ਦੀ ਸੰਗਤਿ ਸ੍ਰੀ ਗੁਰੂ ਜੀਉ ਦਾ ਖਾਲਸਾ ਹੈ ਗੁਰੂ ਸੰਗਤਿ ਨੋ ਸਰਬ ਸੁਖ ਦੇਗੁ ਭਾਈ ਘਨਾ ਸ੍ਰੀ ਗੁਰੂ ਪੁਤ੍ਰ ਹੈ ਜੁ ਆਖੇ ਸਰਬਤਿ ਸੰਗਤਿ ਮਨਣਾ ਖੁਸੀ ਹੈ



# ਗੁਰੂ ਤੇਗ ਬਹਾਦਰ ਜੀ ਦਾ ਨੀਸਾਣ

(ਸਿਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ
1728 ਬਿ. ਦੀ ਪੋਥੀ ਲਿਖਤ ਵਿਚੋਂ)

# ਗੁਰੂ ਤੇਗ ਬਹਾਦਰ ਜੀ ਦਾ ਫ਼ਲਸਫ਼ਾ

ਕਰਨਲ ਡਾ. ਦਲਵਿੰਦਰ ਸਿੰਘ ਗ੍ਰੇਵਾਲ, ਲੁਧਿਆਣਾ (ਪੰਜਾਬ)

ਗੁਰੂ ਤੇਗ ਬਹਾਦਰ ਜੀ ਇੱਕ ਨਵੀਂ ਸੇਧ ਦੇਣ ਵਾਲੇ ਗੁਰੂ ਸਨ ਜਿਨਾਂ ਨੇ ਪਹਿਲੇ ਗੁਰੂ ਸਾਹਿਬਾਨ ਦੇ ਦੱਸੇ ਹੋਏ ਆਸ਼ਿਆਂ ਅਨੁਸਾਰ ਬਦਲੇ ਹਾਲਾਤਾਂ ਵਿੱਚ ਨਵੀਆਂ ਕਦਰਾਂ ਕੀਮਤਾਂ ਸਮਾਜ ਅੱਗੇ ਰੱਖੀਆਂ। ਜਬਰੀ ਧਰਮ ਬਦਲੀ ਨੇ ਹਿੰਦੂ ਧਰਮ ਵਿੱਚ ਚਿੰਤਾ ਪੈਦਾ ਕਰ ਦਿਤੀ ਸੀ ਤੇ ਉਹ ਆਪਣੇ ਆਪ ਨੂੰ ਅਸਹਾਏ ਮਹਿਸੂਸ ਕਰਦੇ ਸਨ। ਇਸ ਮੁਸੀਬਤ ਦਾ ਹੱਲ ਲੱਭਣ ਲਈ ਉਨ੍ਹਾਂ ਗੁਰੂ ਤੇਗ ਬਹਾਦਰ ਜੀ ਕੋਲ ਅਨੰਦਪੁਰ ਸਾਹਿਬ ਆ ਕੇ ਆਪਣਾ ਕਸ਼ਟ ਬਿਆਨ ਕੀਤਾ।

ਗੁਰੂ ਸਾਹਿਬ ਜਾਣਦੇ ਸਨ ਕਿ ਇਸ ਲਈ ਕਿਸੇ ਮਹਾਨ ਪੁਰਸ਼ ਨੂੰ ਜ਼ੁਲਮ ਅਗੇ ਡਟਣ ਦੀ ਭਾਵਨਾਂ ਅਤੇ ਨਿਡਰਤਾ ਪੈਦਾ ਕਰਨੀ ਪਵੇਗੀ। ਗੁਰੁ ਜੀ ਵਾਅਦੇ ਮੁਤਾਬਿਕ ਦਿੱਲੀ ਵੱਲ ਚੱਲ ਪਏ ਜਿੱਥੇ ਉਨ੍ਹਾਂ ਨੂੰ ਧਰਮ ਬਦਲੀ ਲਈ ਮਨਾਉਣ ਖਾਤਰ ਜੇਲ੍ਹ ਵਿੱਚ ਰੱਖ ਕੇ ਬੜੇ ਤਸੀਹੇ ਦਿਤੇ ਗਏ।

ਜਦ ਗੁਰੂ ਜੀ ਨਾ ਝੁਕੇ ਤਾਂ ਗੁਰੂ ਜੀ ਦੇ ਸਾਥੀਆਂ ਨੂੰ ਬੜੇ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਗੁਰੂ ਜੀ ਆਪਣੇ ਸ਼ਬਦਾਂ ਵਿੱਚ ਕਹਿੰਦੇ ਹਨ:

ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ ।

ਗੁਰੂ ਜੀ ਨੇ ਇਹ ਸੰਦੇਸ਼ ਦਿੱਤਾ ਕਿ ਆਪਣੇ ਧਰਮ ਤੋਂ ਆਪਣਾ ਸਰੀਰ ਪਿਆਰਾ ਨਹੀਂ। ਇਸ ਵਿਸ਼ਵਾਸ ਸਦਕਾ ਉਹਨਾਂ ਨੇ ਸਿੱਖੀ ਨੂੰ ਇੱਕ ਨਵੀਂ ਸੇਧ ਦਿੱਤੀ।



ਸਭ ਤੋਂ ਪਹਿਲਾਂ ਤਾਂ ਉਹਨਾਂ ਨੇ ਆਮ ਲੋਕਾਂ ਵਿੱਚ ਹਕੂਮਤ ਦੇ ਡਰ ਨੂੰ ਖਤਮ ਕਰਨ ਦਾ ਸੰਦੇਸ਼ਾ ਦਿੱਤਾ ਤੇ ਉਹਨਾਂ ਨੂੰ ਹਕੂਮਤ ਅੱਗੇ ਡਟਣ ਦਾ ਇੱਕ ਰਾਹ ਵੀ ਦਿੱਤਾ । ਸਾਰਾ ਵਿਸ਼ਵ ਬਿਨਸਣਹਾਰ ਹੈ ।ਜੋ ਅੱਜ ਪੈਦਾ ਹੋਇਆ ਹੈ ਉਸ ਨੇ ਕੱਲ ਮਰ ਵੀ ਜਾਣਾ ਹੈ।

ਮਨੁਖੀ ਤਨ ਮਨ ਨੂੰ ਕਈ ਰੋਗ ਲੱਗੇ ਹੋਏ ਹਨ ਜਿਨ੍ਹਾਂ ਕਰਕੇ ਪ੍ਰਮਾਤਮਾ ਨੂੰ ਭੁਲਿਆ ਬੈਠਾ ਹੈ। ਉਹ ਰਾਤ ਦੇ ਸੁਪਨੇ ਵਰਗੇ ਝੂਠੇ ਬਿਨਸਣਹਾਰ ਤਨ ਨੂੰ ਸੱਚਾ ਮੰਨਦਾ ਹੈ। ਜੇ ਇਨਸਾਨ ਨੇ ਵਾਹਿਗੁਰੂ ਪ੍ਰਾਪਤੀ ਅਤੇ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਉਸਨੂੰ ਹਉਮੈ, ਉਸਤਤ, ਨਿੰਦਿਆ, ਹਰਖ, ਸੋਗ ਵਰਗੇ ਮਾਨਸਿਕ ਰੋਗਾਂ ਤੋਂ ਮੁਕਤ ਰਹਿਣਾ ਚਾਹੀਦਾ ਹੈ। ਇਨ੍ਹਾਂ ਤੋਂ ਬਚਣ ਲਈ ਵੀ ਜੀਭ ਵਾਹਿਗੁਰੂ ਨਾਮ ਦਾ ਭਜਨ ਕਰਨਾ ਅਤੇ ਸੁਣਨਾ ਚਾਹੀਦਾ ਹੈ। ਅਪਣੀ ਰਹਿਤ ਸੱਚੀ ਰੱਖਣ ਨਾਲ ਹੀ ਸਚਾ ਪ੍ਰਮਾਤਮਾ ਮਨ ਵਿੱਚ ਵਾਸਾ ਕਰਦਾ ਹੈ।ਇਸ ਲਈ ਹਮੇਸ਼ਾ ਸੱਚਾ ਸੁੱਚਾ ਜੀਵਨ ਜੀਵੋ।

ਆਪਣੇ ਸ਼ਬਦਾਂ ਵਿੱਚ, ਗੁਰੂ ਤੇਗ ਬਹਾਦਰ ਜੀ ਨੇ ਸਵੈ-ਅਨੁਸ਼ਾਸਨ ਉੱਤੇ ਜ਼ੋਰ ਦਿੱਤਾ । ਗੁਰੂ ਜੀ ਨੇ ਸਪਸ਼ਟ ਕੀਤਾ ਕਿ ਮਨੁੱਖ ਦੀਆਂ ਸਮੱਸਿਆਵਾਂ ਉਸ ਦੇ ਮਾਨਸਿਕ ਰੋਗਾਂ ਅਤੇ ਦੁਨਿਆਵੀ ਲਾਲਸਾ ਨਾਲ ਲਿਪਤ ਹੋਣ ਕਰਕੇ ਹਨ। ਇਸ ਲਈ ਗੁਰੂਆਂ ਤੋਂ ਮਿਲਿਆ ਸੰਦੇਸ਼ ਅਤੇ ਚੰਗੀ ਸੰਗਤ ਦੀ ਜ਼ਰੂਰਤ ਹੁੰਦੀ ਹੈ ।

ਇਕ ਸੰਪੂਰਨ ਗੁਰਮੁੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਸ ਨੂੰ ਗੁਰੂ ਸਾਹਿਬ ਨੇ ਬਾਕਮਾਲ ਬਿਆਨਿਆ ਹੈ; ਜੋ ਮਨੁੱਖ ਦੁੱਖ ਨੂੰ ਦੁੱਖ ਨਹੀਂ ਮੰਨਦਾ; ਜੋ ਸੁੱਖ, ਸਨੇਹ ਤੇ ਭਿਜਦਾ ਨਹੀਂ; ਅਪਣੇ ਸਰੀਰ ਨੂੰ ਮਿੱਟੀ ਜਾਂ ਸ਼ੀਸ਼ੇ ਵਾਂਗੂ ਮੰਨਦਾ ਹੈ; ਨਾਂ ਉਹ ਉਸਨੂੰ ਨਿੰਦਿਆ ਅਤੇ ਨਾਂ ਹੀ ਉਸਤਤ ਨਾਲ ਫਰਕ ਪੈਂਦਾ ਹੈ ਤੇ ਨਾਂ ਹੀ ਕੋਈ ਲੋਭ, ਮੋਹ ਜਾਂ ਅਭਿਮਾਨ ਉਸ ਨੂੰ ਖਿੱਚ ਪਾਉਂਦਾ ਹੈ। ਨਾਂ ਹੀ ਉਸ ਨੂੰ ਮਾਨ ਜਾਂ ਅਪਮਾਨ ਨਾਲ ਕੋਈ ਫਰਕ ਪੈਂਦਾ ਹੈ।

ਅਜਿਹਾ ਮਨੁੱਖ ਕੋਈ ਆਸ ਨਹੀਂ ਪਾਲਦਾ ਅਤੇ ਨਾ ਹੀ ਕੋਈ ਅਜਿਹੀ ਮਨਸ਼ਾ ਹੁੰਦੀ ਹੈ ਜਿਸ ਤੇ ਉਹ ਨਿਰਾਸ਼ ਹੋਵੇ, ਕਿਉਂਕਿ ਉਸ ਦੇ ਮਨ ਦਾ ਨਿਵਾਸ ਪ੍ਰਮਾਤਮਾ ਦੇ ਘਰ ਵਿਚ ਹੈ। ਜਿਸ ਨੇ ਇਹ ਜੁਗਤ ਪਛਾਣ ਲਈ ਗੁਰੁ ਉਸ ਉਤੇ ਹੀ ਕ੍ਰਿਪਾ ਕਰਦਾ ਹੈ ਨਤੇ ਫਿਰ ਉਹ ਗੁਰਮੁੱਖ ਪ੍ਰਮਾਤਮਾ ਨਾਲ ਇਉਂ ਮਿਲ ਜਾਂਦਾ ਹੈ ਜਿਸ ਤਰ੍ਹਾਂ ਪਾਣੀ ਵਿੱਚ ਪਾਣੀ ਅਭਿੰਨ ਹੋ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਦਾ ਫਲਸਫਾ ਬੜੀਆਂ ਨਵੀਆਂ ਸੁਚੱਜੀਆਂ ਕਦਰਾਂ ਕੀਮਤਾਂ ਦਾ ਆਧਾਰ ਹੈ ਜਿਸ ਨੇ ਗੁਲਾਮੀ ਅਤੇ ਜ਼ੁਲਮ ਦੀ ਨਪੀੜੀ ਪਰਜਾ ਨੂੰ ਨਿਰਭੈ ਹੋ ਕੇ ਅਨਿਆਏ ਵਿਰੁਧ ਖੜਣ ਦਾ ਹੌਸਲਾ ਭਰਿਆ।

ਉਨ੍ਹਾਂ ਉਦਾਹਰਣ ਦੇ ਕੇ ਸਮਝਾਇਆ ਕਿ ਡੂੰਘੇ ਸੰਕਟ ਅਤੇ ਗੰਭੀਰ ਮੁਸ਼ਕਿਲਾਂ ਦੇ ਸਮੇਂ, ਸਾਨੂੰ ਸਥਿਤੀ ਤੋਂ ਭੱਜਣਾ ਨਹੀਂ ਚਾਹੀਦਾ ਬਲਕਿ ਪੂਰੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਇਸ ਦਾ ਸਾਹਮਣਾ ਕਰਨਾ ਚਾਹੀਦਾ ਹੈ। ਜੀਵਨ ਉਦੇਸ਼ ਸਿਰਫ਼ ਬ੍ਰਹਮ ਤੱਕ ਪਹੁੰਚਣਾ ਜਾਂ ਅਪਣੀ ਮੁਕਤੀ ਹੀ ਨਹੀਂ, ਬਲਕਿ ਨਿਰਸਵਾਰਥ ਸੇਵਾ ਅਤੇ ਸੰਵੇਦਨਾ ਰਾਹੀਂ ਦੂਜੇ ਮਨੁੱਖਾਂ ਤੱਕ ਵੀ ਪਹੁੰਚਣਾ ਹੈ। ਸਾਰਿਆਂ ਦੀ ਭਲਾਈ ਲਈ ਪੂਰੀ ਜ਼ਿੰਮੇਵਾਰੀ ਨਾਲ ਆਪਣੇ ਸਮਾਜਿਕ ਕਰਤੱਵਾਂ ਨੂੰ ਨਿਭਾਉਣਾ ਚਾਹੀਦਾ ਹੈ ਅਤੇ ਪਰਮਾਤਮਾ ਦੀ ਇੱਛਾ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਗੁਰੂ ਜੀ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸਾਨੂੰ ਵਿਅਰਥ ਕਿਸੇ ਚਮਤਕਾਰ ਦੀ ਉਡੀਕ ਨਹੀਂ ਕਰਨੀ ਚਾਹੀਦੀ।

ਸਾਰੀਆਂ ਮੁਸੀਬਤਾਂ ਨੂੰ ਖੁਸ਼ੀ ਨਾਲ ਸਵੀਕਾਰ ਕਰਨ ਲਈ ਅੰਦਰੂਨੀ ਤਾਕਤ ਦਾ ਨਿਰਮਾਣ ਕਰਨਾ ਚਾਹੀਦਾ ਹੈ। ਮੋਹ ਮਾਇਆ ਨਾਲ ਜੁੜੇ ਅਸੀਂ ਅਪਣੇ ਆਪ ਨੂੰ ਅਮੀਰ ਬਣਾਉਣ ਦੇ ਖਿਆਲ ਨਾਲ ਭੁੱਲ ਜਾਂਦੇ ਹਾਂ ਕਿ ਸਾਡਾ ਸਮਾਜ ਲਈ ਵੀ ਕੋਈ ਧਰਮ ਹੈ ਤੇ ਫਰਜ਼ ਹਨ। ਜਦ ਲੋੜ ਪਵੇ ਤਾਂ ਆਪਾ ਵਾਰਨ ਵਿੱਚ ਵੀ ਝਿਜਕ ਨਹੀਂ ਕਰਨੀ ਚਾਹੀਦੀ। ਜ਼ਿੰਦਗੀ ਨੂੰ ਸਥਾਈ ਸਮਝਣਾ ਗਲਤ ਹੈ ਕਿਉਂਕਿ ਇੱਕ ਪ੍ਰਮਾਤਮਾ ਤੋਂ ਬਿਨਾਂ ਸਭ ਬਿਨਸਣਹਾਰ ਹੈ। ਜਦ ਇਸ ਸਰੀਰ ਨੇ ਜਾਣਾ ਹੀ ਹੈ ਤਾਂ ਕਿਉਂ ਨਾ ਕਿਸੇ ਲੇਖੇ ਲੱਗ ਜਾਵੇ । ਗੁਰੂ ਜੀ ਜ਼ੋਰ ਦੇ ਕੇ ਕਹਿੰਦੇ ਹਨ ਕਿ ਮਨੁੱਖੀ ਜੀਵਨ ਅਨਮੋਲ ਹੈ ਕਿਉਂਕਿ ਇਹ ਸਵੈ-ਸੁਧਾਰ ਅਤੇ ਅਧਿਆਤਮਿਕ ਗਿਆਨ ਦੇ ਮੌਕੇ ਪ੍ਰਦਾਨ ਕਰਦਾ ਹੈ ਪਰ ਇਸ ਦੇ ਨਾਲ-ਨਾਲ ਸਮਾਜਿਕ ਉੱਨਤੀ ਲਈ, ਮਨੁੱਖ ਵਿੱਚ ਬ੍ਰਹਮ ਦੀ ਸਿਰਜਣਾਤਮਕ ਭੂਮਿਕਾ ਨੂੰ ਸਰਗਰਮੀ ਨਾਲ ਅਮਲ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ।

# ਗੁਰੂ ਤੇਗ ਬਹਾਦਰ: ਸਰਬ ਸ੍ਰਿਸ਼ਟੀ ਦੀ ਚਾਦਰ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)



ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵਿਰਾਸਤ "ਸਰਬ ਸ੍ਰਿਸ਼ਟੀ ਦੀ ਚਾਦਰ", ਤੋਂ "ਮਨੁੱਖਤਾ ਦਾ ਰਖਵਾਲਾ", "ਧਰਮ ਦੀ ਚਾਦਰ" "ਹਿੰਦ ਦੀ ਚਾਦਰ" ਤੱਕ ਸੋਧਵਾਦ ਵਿੱਚੋਂ ਲੰਘੀ ਹੈ। ਅਗਿਆਨਤਾਵਸ ਜਾਂ ਸਾਜਿਸ਼ ਅਧੀਨ ਗੁਰੂ ਜੀ ਦੀ ਸ਼ਹਾਦਤ ਨੂੰ ਸਿਰਫ ਹਿੰਦੂ ਧਰਮ ਦੀ ਰਖਿਆ ਕਰਨ ਤੱਕ ਸੀਮਿਤ ਕਰ ਦਿਤਾ ਗਿਆ ਹੈ। ਬਹੁਤ ਸਾਰੇ ਸਿੱਖ ਵੀ ਗੁਰੂ ਜੀ ਨੂੰ "ਹਿੰਦ ਦੀ ਚਾਦਰ" ਕਹਿਣ ਵਿੱਚ ਮਾਣ ਮਹਿਸੂਸ ਕਰਦੇ ਹਨ।

## ਸੋਧਵਾਦ ਬਾਰੇ ਢੁਕਵੇਂ ਸੰਦਰਭ

ਇੱਕ ਅਮਰੀਕੀ ਵਿਚਾਰਕ ਆਗੂ, ਜਾਮੀਆ ਵਿਲਸਨ, ਅਨੁਸਾਰ ਇਤਿਹਾਸ ਅਤੇ ਉਦੇਸ਼ ਨੂੰ ਵਿਚਾਰਨਾ ਸੋਧਵਾਦ ਵਿੱਚ ਸਭ ਤੋਂ ਮਹੱਤਵਪੂਰਨ ਹੈ। ਉਹ ਸੱਭਿਆਚਾਰਕ ਸਾਂਝ ਦੇ ਕੰਮਾਂ ਦੀ ਪ੍ਰਸ਼ੰਸਾ ਕਰਦੀ ਹੈ ਪਰ ਉਸ ਨੂੰ ਸਵਾਰਥੀ ਹਿੱਤਾਂ ਲਈ ਪ੍ਰਤੀਕਾਂ ਨੂੰ ਵਰਤਣ ਦੇ ਵਿਰੁੱਧ ਹੈ। ਉਸਨੇ ਲਿਖਿਆ "ਦੂਜਿਆਂ ਦੇ ਅਤਿਆਚਾਰਾਂ ਤੋਂ ਸਮਾਜਿਕ ਅਤੇ ਰਾਜਨੀਤਿਕ ਲਾਭ ਲਈ ਹੋਰ ਸਭਿਆਚਾਰਾਂ ਦਾ ਸ਼ੋਸ਼ਣ ਕਰਨਾ ਸਮਾਨਤਾ ਅਤੇ ਮੁਕਤੀ ਦੇ ਸੰਘਰਸ਼ਾਂ ਨੂੰ ਕਮਜ਼ੋਰ ਕਰਦਾ ਹੈ।"

ਸਿੱਖ ਬੁੱਧੀਜੀਵੀ ਵਲੋਂ ਭਾਈਚਾਰੇ ਦੇ 550 ਸਾਲ ਪੁਰਾਣੇ ਇਤਿਹਾਸ ਦੇ ਸੰਦਰਭ ਦੀ ਸਮੀਖਿਆ ਕੀਤੀ ਜਾ ਰਹੀ ਹੈ। ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਚੰਦਰ ਸੈਨ ਸੈਨਾਪਤੀ ਨੇ ਆਪਣੀ ਰਚਨਾ ਸ੍ਰੀ ਗੁਰ ਸੋਭਾ ਵਿੱਚੇ ਲਿਖਿਆ : "ਪ੍ਰਗਟ ਭਏ ਗੁਰ ਤੇਗ ਬਹਾਦਰ, ਸਗਲ ਸ੍ਰਿਸ਼ਠ ਪੇ ਢਾਪੀ ਚਾਦਰ"। ਯਾਨਿ, ਗੁਰੂ ਤੇਗ ਬਹਾਦਰ ਪ੍ਰਗਟ ਹੋਏ, ਅਤੇ ਸਾਰੀ ਸ੍ਰਿਸ਼ਟੀ ਦੀ ਰੱਖਿਆ ਕੀਤੀ।

ਭਾਈ ਨੰਦ ਲਾਲ ਗੋਯਾ, ਦੇ ਗੰਜਨਾਮਾਹ ਵਿਚ ਗੁਰੂ ਤੇਗ ਬਹਾਦਰ ਜੀ ਨੂੰ "ਪ੍ਰਭੂ", "ਬ੍ਰਹਮ", "ਪੁਨਰ ਸੁਰਜੀਤ ਕਰਨ ਵਾਲਾ", "ਏਕਤਾ" ਅਤੇ ਹੋਰ ਦੇ ਸਰੂਪਾਂ ਵਿੱਚ ਸੰਬੋਧਨ ਹੈ। ਉਨ੍ਹਾਂ ਫਾਰਸੀ ਵਿਚ ਦਰਸਾਇਆ ਹੈ : "ਗੁਰੂ ਤੇਗ਼ ਬਹਾਦਰ ਸਰਾਫਾ ਅਫਜ਼ਲ ਜ਼ੀਨਤ ਰਾਏ ਮਹਾਫਿਲ ਜ਼ਹੂ ਜਲਾਲ।" ਉਹ ਸਰਾਫਾ (ਰੂਹ/ਆਤਮਾ) ਸਿਰ ਤੋਂ ਪੈਰਾਂ ਤੱਕ ਸਨਮਾਨ ਦਾ ਚੋਗਾ ਪਹਿਨਦੇ ਹਨ। ਅਫਜ਼ਲ ਯਾਨਿ ਚੰਗਿਆਈ, ਦਇਆ, ਨਿਮਰਤਾ, ਦਾਨ, ਨਦਰ, ਪਰਉਪਕਾਰ, ਕਿਰਪਾ, ਦਇਆ, ਸ਼ਿਸ਼ਟਾਚਾਰ, ਉਦਾਰਤਾ, ਅਜਾਦੀ, ਨੇਕਤਾ, ਉੱਤਮਤਾ। ਗੁਰੂ ਜੀ ਸ੍ਰਿਸ਼ਟੀ-ਦੀ-ਚਾਦਰ, ਸਾਰੀ ਮਨੁੱਖਤਾ ਤੇ ਹੋਰ ਸਭ ਦੇ ਮੁਕਤੀਦਾਤਾ ਹਨ।"ਸ੍ਰਿਸ਼ਟੀ" (ਸਮੁੱਚੀ ਰਚਨਾ) ਵਿੱਚ ਸਾਰੇ ਧਰਮ ਅਤੇ ਦੇਸ਼ ਸ਼ਾਮਲ ਹਨ। ਅਮਰੀਕਾ ਦੇ ਸਿੱਖ ਰਿਸਰਚ ਇੰਸਟੀਚਿਊਟ ਦੇ ਹਰਿੰਦਰ ਸਿੰਘ ਅਨੁਸਾਰ "ਸੋਧਵਾਦ ਤੋਂ ਸਾਵਧਾਨ ਰਹੋ। ਹਿੰਦ ਜਾਂ ਧਰਮ ਦੀ ਚਾਦਰ ਗੁਰੂ ਜੀ ਦੇ ਖੇਤਰ ਨੂੰ ਸਾਰੀ ਰਚਨਾਂ, ਰਾਜਨੀਤਿਕ-ਅਧਿਆਤਮਿਕ, ਤੋਂ ਸਿਰਫ਼ ਸਥਾਨਕ ਇਕ ਦੇਸ਼ ਜਾਂ ਇਕ ਧਰਮ ਤੱਕ ਸੀਮਿਤ ਕਰਦੇ ਹਨ।"

## ਗੁਰੂ ਜੀ ਦਾ ਜੀਵਨ ਸਰਬੱਤ ਦਾ ਭਲਾ ਪ੍ਰਗਟ ਕਰਦਾ ਹੈ

ਮਾਤਾ ਨਾਨਕੀ ਜੀ ਨੇ ਹਰਗੋਬਿੰਦ ਸਾਹਿਬ ਨੂੰ ਪੁੱਛਿਆ ਕਿ ਸਭ ਤੋਂ ਛੋਟਾ ਪੁੱਤਰ ਸਭ ਨਾਲੋਂ ਪਿਆਰਾ ਕਿਉਂ ਹੈ। ਜਵਾਬ ਸੀ ਕਿ ਉਸਦਾ ਦਿਲ ਸਬਰ ਨਾਲ ਭਰਿਆ ਹੋਇਆ ਹੈ ਅਤੇ ਇੱਕ ਦਿਨ ਉਹ ਆਪਣੇ ਸਰੀਰ ਤੇ ਮੁਸੀਬਤਾਂ ਝੱਲੇਗਾ। ਲਗਭਗ ਤਿੰਨ ਸਾਲ ਦੇ ਸਨ, ਵੱਡੇ ਭਰਾ ਗੁਰਦਿੱਤਾ ਜੀ ਦੇ ਵਿਆਹ ਵੇਲੇ ਉਨ੍ਹਾਂ ਨੇ ਇੱਕ ਗਰੀਬ ਮੁੰਡੇ ਨੂੰ ਆਪਣਾ ਕੋਟ ਪਵਾ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਨੇ ਮਾਤਾ ਨਾਨਕੀ ਜੀ ਨੂੰ ਕਿਹਾ, ਅੱਜ ਕਿਸੇ ਦੀ ਜਾਨ ਬਚਾਉਣ ਲਈ ਉਸਨੇ ਆਪਣਾ ਪਹਿਰਾਵਾ ਦਿੱਤਾ ਹੈ, ਇੱਕ ਦਿਨ ਕਿਸੇ ਦਾ ਭਰੋਸਾ ਰੱਖਣ ਲਈ ਉਹ ਜਾਨ ਦੇਣ ਤੋਂ ਨਹੀਂ ਝਿਜਕੇਗਾ।ਗੁਰੂ ਜੀ ਦੀ ਬਾਣੀ ਵਿਚ ਮਨੁਖੀ ਅਧਿਕਾਰਾਂ, ਨਿਡੱਰਤਾ ਤੇ ਸਭ ਦੀ ਬਰਾਬਰੀ ਝਲਕਦੀ ਹੈ। ਕੁਝ ਉਦਾਹਰਣਾ:

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥... ਭੈ ਕਹੁ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥(ਪੰਨਾ 1427)

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥ (ਪੰਨਾ 1429)

ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ॥ ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ॥ (ਪੰਨਾ 1426)

ਸਾਧੋ ਮਨ ਕਾ ਮਾਨੁ ਤਿਆਗਉ॥ ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥ (ਪੰਨਾ 219)

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥ (ਪੰਨਾ 1427)

ਜੇ ਜੀਵੇ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ 142)

ਉਨ੍ਹਾਂ ਨੇਂ ਬਹੁਤ ਥਾਵਾਂ ਤੇ ਸਿੱਖੀ ਅਤੇ ਲੋਕ ਭਲਾਈ ਲਈ ਅਸਥਾਨ ਬਣਵਾਏ ਅਤੇ ਯਾਤਰਾਵਾਂ ਕਰਕੇ ਸਮਾਜ ਦੇ ਸਭ ਹਿੱਸਿਆਂ ਦੇ ਸੁਧਾਰ ਲਈ ਸੁਨੇਹਾਂ ਪਹੁੰਚਾਇਆ। ਮਾਲਵੇ ਵਿਚ 80 ਗੁਰਦੁਆਰੇ ਬਣਵਾਏ। ਮਾਖੋਵਾਲ ਜਮੀਨ ਖਰੀਦ ਕੇ, ਭਾਵੇਂ ਇਲਾਕੇ ਦੇ ਰਾਜੇ ਨੇ ਮੁਫਤ ਦੇਣ ਦੀ ਪੇਸ਼ਕਸ਼ ਕੀਤੀ ਸੀ, ਆਪਣੀ ਮਾਤਾ ਜੀ ਦੇ ਨਾਂ ਤੇ ਨਾਨਕੀ ਚਕ (ਅਨੰਦਪੁਰ ਸਾਹਿਬ) ਵਸਾ ਕੇ ਵੱਖ-ਵੱਖ ਕਿਤਿਆਂ ਵਾਲੇ ਲੋਕ ਵਸਾਏ।

ਅਸਾਮ ਦੀ ਯਾਤਰਾ ਵੇਲੇ ਅੰਬਰ ਦੇ ਰਾਜਾ ਰਾਮ ਸਿੰਘ ਦੀਆਂ ਔਰੰਗਜ਼ੇਬ ਨਾਲ ਸਬੰਧਤ ਫੌਜਾਂ ਅਤੇ ਅਹੋਮ ਰਾਜ ਦੇ ਰਾਜਾ ਚਕਰਧਵਾਜ ਦੀਆਂ ਫੌਜਾਂ ਵਿਚਕਾਰ ਸੁਲਾਹ ਕਰਵਾਈ। ਇਸ ਯਾਤਰਾ ਦੌਰਾਨ ਗੁਰੂ ਜੀ ਸੰਗਤ ਰਾਹੀ ਬਣਾਈ ਹਵੇਲੀ ਵਿਚ ਢਾਕਾ ਠਹਿਰੇ ਸਨ। ਸ਼ਾਇਸਤਾ ਖਾਨ (ਮਿਰਜ਼ਾ ਅਬੂ ਤਾਲਿਬ), ਜੋ ਕਿ ਮੁਗਲ ਫੌਜ ਵਿੱਚ ਇੱਕ ਜਰਨੈਲ ਅਤੇ ਔਰੰਗਜ਼ੇਬ ਦੇ ਮਾਮਾ ਸਨ, ਨੇ ਗੁਰੂ ਜੀ ਪ੍ਰਤੀ ਸਤਿਕਾਰ ਅਤੇ ਸ਼ਾਂਤੀ ਦੇ ਸੰਦੇਸ਼ ਲਈ ਸ਼ਰਧਾ ਵਜੋਂ ਧਰਮਸਾਲ ਤੇ ਟੈਕਸ ਨਾ ਲੈਣ ਦਾ ਐਲਾਨ ਕੀਤਾ ਸੀ। ਇਹ ਜਗ੍ਹਾ ਹੁਣ ਗੁਰਦੁਆਰਾ ਸੰਗਤ ਟੋਲਾ ਅਤੇ ਇਲਾਕਾ ਸੰਗਤ ਟੋਲਾ ਲੇਨ ਵਜੋਂ ਜਾਣੇ ਜਾਂਦੇ ਹਨ। ਗੁਰੂ ਜੀ ਨੇ ਆਗਰਾ ਵਿਖੇ ਆਪਣੀ ਗ੍ਰਿਫਤਾਰੀ ਇਕ ਗਰੀਬ ਦੇ ਰਾਹੀਂ ਦਿੱਤੀ, ਤਾਂ ਕਿ ਇਨਾਮ ਦਵਾਰਾ ਉਸਦੀ ਗਰੀਬੀ ਕੱਟੀ ਜਾਵੇ। ਉਨ੍ਹਾਂ ਔਰਗਜੇਬ ਨੂੰ ਕਿਹਾ, ਸਾਰੇ ਮਨੁੱਖ ਪਰਮਾਤਮਾ ਦੇ ਬਣਾਏ ਹੋਏ ਹਨ, ਉਹ ਆਪਣੀ ਮਰਜ਼ੀ ਨਾਲ ਪੂਜਾ ਕਰਨ ਲਈ ਸੁਤੰਤਰ ਹਨ। ਧਰਮ ਪਰਿਵਰਤਨ ਜ਼ਬਰਦਸਤੀ ਜਾਂ ਰਿਸ਼ਵਤ ਨਾਲ ਨਹੀਂ ਕੀਤਾ ਜਾ ਸਕਦਾ, ਸਿਰਫ ਦਿਲ ਬਦਲਣ ਤੇ ਹੋ ਸਕਦਾ ਹੈ। ਪੁੱਛਿਆ ਕਿ ਪੈਗੰਬਰ ਮੁਹੰਮਦ ਦੇ ਚਾਚੇ ਇਸਲਾਮ ਧਰਮ ਵਿੱਚ ਕਿਉਂ ਨਹੀਂ ਆਏ?

ਜੇ ਤੁਹਾਡਾ ਧਰਮ ਮੂਰਤੀ ਪੂਜਾ ਦੀ ਆਗਿਆ ਨਹੀਂ ਦਿੰਦਾ, ਫਿਰ ਕਾਬਾ ਦੇ ਕਾਲੇ ਪੱਥਰ ਦੀ ਪੂਜਾ ਕਿਵੇਂ ਠੀਕ ਹੈ? ਇਸ ਵਿਲੱਖਣ ਕੁਰਬਾਨੀ ਬਾਰੇ ਗੁਰੂ ਗੋਬਿੰਦ ਸਿੰਘ ਨੇ ਆਪਣੀ ਆਤਮਕਥਾ ਵਿੱਚ ਵਰਣਨ ਕੀਤਾ ਹੈ:-

"ਗੁਰੂ ਜੀ ਨੇ ਤਿਲਕ ਅਤੇ ਜੰਜੂ ਦੀ ਰੱਖਿਆ ਕਰਕੇ ਅਗਿਆਨਤਾ ਦੇ ਯੁੱਗ ਵਿੱਚ ਇੱਕ ਪਰਮ ਬਹਾਦਰੀ ਵਾਲਾ ਕੰਮ ਕੀਤਾ। ਧਾਰਮਿਕਤਾ ਨੂੰ ਕਾਇਮ ਰੱਖਣ ਲਈ ਇੰਨਾ ਸਰਵਉੱਚ ਕੰਮ ਕੀਤਾ; ਆਪਣਾ ਸਿਰ ਦੇ ਦਿੱਤਾ, ਪਰ ਦੁੱਖ ਦਾ ਇੱਕ ਸ਼ਬਦ ਵੀ ਨਹੀਂ ਬੋਲਿਆ। ਉਨ੍ਹਾਂ ਮਹਾਨ ਬਹਾਦਰੀ ਨਾਲ ਆਪਣੀ ਜਾਨ ਦੀ ਕੁਰਬਾਨੀ ਦੇ ਦਿੱਤੀ ਪਰ ਸਿਧਾਂਤਾਂ ਦੀ ਨਹੀਂ।"

## "ਸਗਲ ਸ੍ਰਿਸ਼ਟ ਪੈ ਢਾਪੀ ਚਾਦਰ" ਦੇ ਵਿਲੱਖਣ ਪਹਿਲੂ ਤੇ ਨਤੀਜੇ

ਗੁਰੂ ਜੀ ਨੇ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਪਰ ਸਿਧਾਂਤ ਨਹੀਂ, ਸੀਸ ਦੀਆ ਪਰ ਸਿਰੜ ਨਾ ਦੀਆ। ਇਸਲਾਮ ਕਬੂਲ ਕਰਨ, ਕਰਾਮਾਤ ਵਿਖਾਉਣ ਨਾਲੋਂ ਮੌਤ ਨੂੰ ਚੁਣਿਆਂ। ਇਹ ਕੁਰਬਾਨੀ ਮਨੁੱਖਤਾ ਦੇ ਮੂਲ ਸਿਧਾਂਤਾਂ: ਸੁਤੰਤਰ ਵਿਚਾਰ, ਧਾਰਮਿਕ ਅਧਿਕਾਰ ਅਤੇ ਆਜ਼ਾਦੀ ਦੀ ਰੱਖਿਆ ਲਈ ਸੀ। ਅਜਿਹੀ ਵਿਚਾਰਧਾਰਾ ਲਈ ਕੁਰਬਾਨੀ ਦਿੱਤੀ ਜਿਸ ਵਿੱਚ ਉਹ ਆਪ ਵਿਸ਼ਵਾਸ ਨਹੀਂ ਕਰਦੇ ਸਨ। ਉਹ ਇਸ ਧਰਤੀ ਦੇ ਪਹਿਲੇ ਸ਼ਹੀਦ ਹਨ ਜਿਨ੍ਹਾਂ ਨੇ ਦੂਜੇ ਧਰਮ ਦੀ ਰੱਖਿਆ ਲਈ ਜੀਵਨ ਕੁਰਬਾਨ ਕੀਤਾ। ਇਹ ਫਰਾਂਸ ਅਤੇ ਸਵਿਟਜ਼ਰਲੈਂਡ ਵਿਚ ਇਨਕਿਲਾਬਾਂ, ਅਤੇ ਯੂ ਐਨ ਓ ਵਲੋਂ 1948 ਦੇ ਮਨੁਖੀ ਅਧਿਕਾਰਾ ਬਾਰੇ ਚਾਰਟਰ ਤੋਂ ਬਹੁਤ ਚਿਰ ਪਹਿਲਾਂ ਹੋਇਆ। ਬਾਬਰ ਦੇ ਐਮਨਾਬਾਦ 'ਤੇ ਹਮਲੇ ਸਮੇਂ ਗੁਰੂ ਨਾਨਕ ਜੀ ਨੇਂ ਕਿਹਾ ਸੀ :

"ਜੇਕਰ ਇੱਕ ਤਾਕਤਵਰ ਸ਼ਕਤੀ ਦੂਜੀ ਤਾਕਤਵਰ ਸ਼ਕਤੀ 'ਤੇ ਹਮਲਾ ਕਰਦੀ ਹੈ, ਤਾਂ ਕੋਈ ਸੋਗ ਨਹੀਂ ਕਰੇਗਾ, ਕੋਈ ਸ਼ਿਕਾਇਤ ਨਹੀਂ ਕਰੇਗਾ। ਜਦੋਂ ਭਿਆਨਕ ਬਾਘ ਬੇਸਹਾਰਾ ਪਸ਼ੂਆਂ ਦਾ ਸ਼ਿਕਾਰ ਕਰਦੇ ਹਨ ਤਾਂ ਚਰਵਾਹੇ ਨੂੰ ਇਸਦਾ ਜਵਾਬ ਦੇਣਾ ਪਵੇਗਾ।" ਗੁਰੂ ਤੇਗ਼ ਬਹਾਦਰ ਜੀ ਨਾ ਤਾਂ ਹਿੰਦੂ ਸਨ, ਨਾ ਮੁਸਲਮਾਨ। ਉਹ ਪਰਮਾਤਮਾ ਦੇ "ਚਰਵਾਹੇ" ਸਨ। ਉਸ ਵੇਲੇ ਹਿੰਦੂ ਬੇਸਹਾਰਾ ਸਨ ਅਤੇ ਮੁਸਲਿਮ ਸ਼ਾਸਕ ਭਿਆਨਕ ਬਾਘਾਂ ਵਾਂਗ ਸਨ।

ਇਹ ਕੁਰਬਾਨੀ ਸਾਰੇ ਸੰਸਾਰ ਲਈ ਹਿੰਮਤ, ਅਹਿੰਸਾ ਤੇ ਧਰਮ ਨਿਭਾਉਣ ਦੀ ਸਭ ਤੋਂ ਵੱਡੀ ਮਿਸਾਲ ਹੈ। ਆਤਮਿਕ ਜੀਵਨ, ਨੈਤਿਕਤਾ, ਸੱਚਾਈ ਅਤੇ ਦਇਆ ਹੀ ਅਸਲੀ ਮਨੁੱਖਤਾ ਹੈ। ਧਰਮ ਕਿਸੇ ਮਜ਼ਹਬ ਨੂੰ ਉੱਚਾ ਜਾਂ ਨੀਵਾਂ ਦਿਖਾਉਣਾ ਨਹੀਂ, ਸਭ ਦਾ ਆਦਰ ਕਰਨਾ ਹੈ। ਉਨ੍ਹਾਂ ਦੀ ਕੁਰਬਾਨੀ ਸਾਨੂੰ ਯਾਦ ਦਿਲਾਉਂਦੀ ਹੈ ਕਿ ਮਨੁੱਖਤਾ ਦੀ ਰੱਖਿਆ ਲਈ ਕਈ ਵਾਰ ਆਪਣੇ ਸੁਖ-ਚੈਨ ਦਾ ਤਿਆਗ ਕਰਨਾ ਪੈਂਦਾ ਹੈ। ਇਸ ਲਈ ਕਵੀ ਸੈਨਾਪਤਿ ਦੀ ਕਿਤਾਬ 'ਸ੍ਰੀ ਗੁਰ ਸੋਭਾ' ਵਿੱਚ ਲਿਖਿਆ ਹੈ : "ਪਰਗਟ ਭਏ ਗੁਰ ਤੇਗ ਬਹਾਦਰ ਸਗਲ ਸ੍ਰਿਸ਼ਟ ਪੈ ਢਾਪੀ ਚਾਦਰ", ਮਨੁੱਖਤਾ ਤੇ ਹੋਰ ਸਭ ਦੇ ਮੁਕਤੀਦਾਤਾ ਵਜੋਂ ਹੀ ਠੀਕ ਹੈ। ਸਾਨੂੰ ਹਿੰਦ-ਦੀ-ਚਾਦਰ ਦੇ ਹਵਾਲੇ ਨੂੰ ਸਵੀਕਾਰ ਕਰਕੇ ਗੁਰੂ ਸਾਹਿਬ ਦੀ ਮਹਾਨਤਾ ਦੇ ਉਚੇਰੇ ਆਦਰਸ਼ ਨੂੰ ਛੁਟਿਆਉਣ ਦਾ ਅਪਰਾਧ ਨਹੀ ਕਰਨਾ ਚਾਹੀਦਾ, ਕਿਉਂਕਿ ਇਸ ਮਹਾਨ ਕੁਰਬਾਨੀ ਧਰਮ ਜਾਂ ਦੇਸ਼ ਦੀਆਂ ਸੀਮਾਵਾਂ ਨਾਲ ਨਹੀਂ ਜੁੜੀ। ਸਿਰਫ ਹਿੰਦ ਦੀ ਚਾਦਰ ਮੰਨਣ ਨਾਲ ਅਸੀਂ ਇੱਕ ਖਾਸ ਵਰਗ ਪ੍ਰਤੀ ਅਹਿਸਾਨ ਜਤਾਉਣ ਦੀ ਗਲਤੀ ਕਰ ਰਹੇ ਹੋਵਾਂਗੇ, ਜਦੋਂ ਕਿ ਗੁਰਮਤਿ ਸਿਧਾਂਤ ਸਭ ਤਰਾਂ ਦੇ ਜ਼ੁਲਮ ਵਿਰੁਧ ਖੱੜ੍ਹਨ ਅਤੇ ਮਜਲੂਮ ਦੇ ਹੱਕ ਵਿਚ ਨਿਤਰਨਾ ਹੈ।

# Guru Tegh Bahadur: *Mera Baid* Guru Govinda

**Dr. Sardar Kala Singh, Vancouver (Canada)**
*kala.singh18@gmal.com*



Abstract: A good physician creates awareness in the community about the existence of the problem. That's what Guru Tegh Bahadur did. He is the True Guru Physician who preaches how to live a spiritual, perfect, truthful life free of stress, worries, greed, and attachment to worldly possessions, anger, sexual lust, ego, and mental problems through his *Bani* in AGGS.

**ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ ਰਹਾਉ ॥ AGGS 618**

Embodiment of Creator God, the Guru is my Physician. Whoever takes medicine of spiritual knowledge and wisdom from the Guru cuts away the noose of spiritual death giving vices and ushers in mind Godly Virtues like voluntary service, contentment, compassion, righteousness and truthfulness, which give spiritual life. Such a person never gets stress in life and is free of most of mental and accompanied physical problems. He preaches there is only One Creator God, who dwells in everyone.

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
AGGS 1427**

God abides in every molecule of the cosmos. As Gurbani is directed at human *Mann*, this philosophy of One Cosmic Law and One Universal Energy (Creator God). It permeating in the entire universe, makes humanity spiritual kinsmen and brings world peace. It promote human equality. With that everyone in the world will be stress-free and in turn free of most of mental and physical problems. Guru is emphasizing introspection, not of changing others.

**ਸਤਿਗੁਰ ਬਾਝਹੁ ਵੈਦੁ ਨ ਕੋਈ ॥ਆਪੇ ਆਪਿ ਨਿਰੰਜਨੁ ਸੋਈ ] ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥**

There is no spiritual physician other than the True Guru, the embodiment of the Creator God. Getting spiritual knowledge, wisdom is contemplated.

Most of physical illnesses are connected with stress and worry. When mind is free of these, it is free of illnesses as well. As a True Physician, Guru diagnosed that the *Mann* is sick, engrossed in worldly temptations, and root cause of problems.

**ਗਉੜੀ ਮਹਲਾ ੯ ॥ AGGS 220**
**ਮਨ ਰੇ ਕਹਾ ਭਇਓ ਤੈ ਬਉਰਾ ॥**
**ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥**

**ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥**

O *Mann*! Why are you going crazy indulging in worldly temptations ? … Your life is decreasing every moment, and you are wasting it in worthless passions. Reflect and contemplate that your body, beautiful home and spouse will not be with you forever. You are engrossed in vices (*Panj Chor*), which make your life miserable.

There is a need to differentiate between need and greed. We need many things in the world to survive, but when need becomes greed it gives mental stress and accompanied mental and physical problems.

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥ AGGS 1429.**

Guru says nothing is stable or permanent in this world. We should not worry unnecessarily and get depressed. Instead, we should be concerned and learn how to get over and cope with the problem.

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥ ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥ AGGS 1428**

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥**

We wish for something, but something different happens. So, our mind *Mann* is unhappy. We should be contented and happy with what we have.

**ਸੋਰਠਿ ਮਹਲਾ ੯ ॥ AGGS 631-632**
**ਮਨ ਰੇ ਕਉਨੁ ਕੁਮਤਿ ਤੈ ਲੀਨੀ ॥**
**ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥**

**ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥ ਅੰਤਿ ਸੰਗ ਕਾਹੂ ਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥**

**ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥**

Foolish, evil mind is engrossed in the sexual lust of spouses of others, slandering; not imbibed Godly Virtues but collected useless wealth.

**ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ 1279**

As True Best Physician Guru says diagnose the root cause of the disease, the worldly passions.

**ਸੋਰਠਿ ਮਹਲਾ ੯ ॥ AGGS 63**
**ਮਾਈ ਮਨੁ ਮੇਰੋ ਬਸਿ ਨਾਹਿ ॥**
**ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥**

**ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥**
**ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥੧॥**

**ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥ ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥**

*Mann* is not under control because it is pursuing worldly temptations. It listens to the teachings of the Holy Books (*Granths*) but does not enshrine them even for an instant. Engrossed in wealth and lust, life passes away uselessly, though. After the diagnosis, one should ask for the treatment from Physician Guru (*Vaid*).

**ਸੋਰਠਿ ਮਹਲਾ ੯ ॥| AGGS 632**
**ਪ੍ਰਾਨੀ ਕਉਨੁ ਉਪਾਉ ਕਰੈ ॥ਜਾਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥**

**ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥**

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**
**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥**

**ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥**
**ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥**

Question arises how to control the mind ? Which deeds, knowledge, and righteous path should one follow? Guru says that in Kal Yug, one can obtain salvation (*Mukti*) from worldly passions by imbibing and practicing Godly Virtues. Tjen one is detached from pain and pleasure, and forever unattached to worldly passions. Such Godly Virtues dwell deep within our inner self, like the image in a mirror. After that, Guru (*Vaid*) gives medicine in the form of advice.

**ਰਾਗੁ ਗਉੜੀ ਮਹਲਾ ੯ ॥ AGGS 219**
**ਸਾਧੋ ਮਨ ਕਾ ਮਾਨੁ ਤਿਆਗਉ ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥**

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥**

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥**

Guru is advising to forsake the pride of mind (Ego), sexual lust, anger and the company of evil people. Consider pain and pleasure, honour and dishonour the same, remain detached from joy and sorrow to realize the true essence of the world. Neither praise nor slander others, no worldly passions will affect you. This is very difficult; a rare person imbibes spiritual wisdom of the Guru.

**ਬਿਲਾਵਲੁ ਮਹਲਾ ੯ ॥ AGGS 830-31**
**ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥**
**ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥**

**ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥**

**ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥**

Guru reveals the secret of eternal peace. By imbibing Virtues, moss of doubt and duality is dispelled. Life devoid of Virtues is full of pain and miseries. Without sanctuary of God, pilgrimages at sacred shrines and fasts are meaningless. Forgetting God, their asceticism, sacrificial feasts and such rituals are fruitless. One who forgoes pride and passions and remembers God all the time attains salvation while living (*Jivan Mukta*) and is free of mental stress.

**ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥**
**ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈਧਾਮ ॥**

Guru further says to obtain salvation (*Mukti*) now, our tongue should talk of and ears listen to only Godly Virtues. If all our sense organs (*Giyan Indre*) are attuned to Virtues we will not fall prey to passions..

**ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ AGGS 148**

A good Physician diagnosis and treats the illness. That's what the Guru wants us to do. Those, who take the treatment from the *Vaid* Guru recover..

**Conclusion**: Guru Tegh Bahadur preaches that one should not get depressed while in difficulty, nor get proud when in pleasure. His Martyrdom shows that he decided to stand up for the right of freedom of worship for Hindus, though he was not a Hindu. One God present in all human beings and other creatures. His sacrifice is unique in the history of mankind. Guru Tegh Bahadur was the Champion of Human Rights. Modern day Human Rights Movement was born in 1920 after French revolution, but no one knows his contribution. There is a need to spread this message to everyone, as this message is for entire humanity, not only for Sikhs.

## ਨਉਨਿਧਿ ਦੇ ਸੰਕਲਪ ਦੀ ਸਿਰਜਣਾ ਤੇ ਸੰਚਾਰ
## (ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ 'ਚ)

ਸਰਦਾਰਨੀ ਡਾ. ਭੁਪਿੰਦਰ ਕੌਰ 'ਕਵਿਤਾ'



ਹਰ ਸਿੱਖ ਰੋਜ਼ਾਨਾ ਅਰਦਾਸ ਵਿੱਚ 'ਤੇਗ ਬਹਾਦਰ ਸਿਮਰੀਐ ਘਰ ਨਉਨਿਧਿ ਆਵੈ ਧਾਇ' ਦੀ ਮੰਗ ਕਰਦਾ ਹੈ। ਇਹ ਨੌਵੇਂ ਪਾਤਸ਼ਾਹ ਦੀ ਪਿਆਰੀ ਯਾਦ ਵਜੋਂ ਨੌਂ ਖਜ਼ਾਨਿਆਂ ਦੀ ਪ੍ਰਾਪਤੀ ਦੀ ਅਸੀਸ ਹੈ। ਇਹ ਅਸੀਸ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਚੰਡੀ ਦੀ ਵਾਰ (ਵਾਰ ਸ੍ਰੀ ਭਗਉਤੀ ਜੀ ਕੀ ॥ ਪਤਾਸ਼ਾਹੀ ੧੦॥) ਵਿੱਚ ਬਖਸ਼ੀ ਗਈ ਹੈ। ਭਾਵ ਜਿੱਥੇ ਸ਼ਰਧਾਲੂ, ਸੇਵਕ, ਸਿੱਖ ਜਾਂ ਜਗਿਆਸੂ ਨੇ ਗੁਰੂ ਜੀ ਦੇ ਜੀਵਨ ਅਤੇ ਇਤਿਹਾਸ ਤੇ ਪ੍ਰੇਰਣਾ ਲੈਣੀ ਹੈ, ਉੱਥੇ ਉਨ੍ਹਾਂ ਰਾਹੀਂ ਰਚਿਤ ਬਾਣੀ ਦੇ ਅਧਿਐਨ ਤੋਂ ਪ੍ਰਾਪਤ ਸੁਨੇਹਿਆਂ ਤੋਂ ਵੀ ਮਨ ਨੂੰ ਸੇਧਣਾ, ਸਾਧਣਾ ਤੇ ਸੋਧਣਾ ਹੈ।

ਨਉਨਿਧਿ ਸ਼ਬਦ ਦੀ ਖੋਜ ਤੋਂ ਸਪੱਸ਼ਟ ਹੈ ਕਿ ਕੁਬੇਰ ਦੇ ਧਨ ਲਈ ਵਰਤੋਂ ਹੁੰਦੀ ਹੈ। ਨਿਧਿ ਦਾ ਅਰਥ ਹੈ ਨੌਂ ਖਜ਼ਾਨੇ।'ਗੁਰਮਤ ਨਿਰਣਯ ਭੰਡਾਰ' ਵਿੱਚ ਪੁਰਾਣਿਕ ਸਾਹਿਤ ਵਿੱਚ ਵਰਣਨ ਨਉਨਿਧੀਆਂ ਦੇ ਵਿਸਥਾਰ ਦੇ ਸਾਰ ਵਿੱਚ ਇਹਨਾਂ ਦੇ ਅਰਥ ਧਨੀ ਬਣਨਾ, ਪੁੰਨ-ਦਾਨ ਦਾ ਜਸ ਲੈਣਾ, ਵੱਡੇ ਸੌਦਾਗਰ ਹੋਣਾ, ਕਈ ਪੀੜ੍ਹੀਆਂ ਤੱਕ ਖਜ਼ਾਨੇ ਭਰੇ ਰਹਿਣਾ, ਸਰੀਰਕ ਸੁੱਖਾਂ ਨਾਲ ਭਰਪੂਰ ਹੋਣਾ, ਸ਼ਸਤਰਾਂ ਦਾ ਵਪਾਰ ਹੋਣਾ, ਰਾਜਿਆਂ ਦਾ ਮੇਲ-ਜੋਲ ਹੋਣਾ, ਸੂਮ-ਧਨੀ ਹੋਣਾ, ਧਾਤੂਆਂ ਦੇ ਵਪਾਰੀ ਹੋਣਾ, ਸੰਤਾਨ ਦਾ ਨੇਕ ਹੋਣਾ, ਬਹੁਤ ਮੇਲ-ਮਿਲਾਪ ਹੋਣਾ, ਠੇਕੇਦਾਰੀ ਕਰਨੀ, ਅੰਨ-ਕਪਾਹ ਆਦਿ ਦੀ ਸੌਦਾਗਰੀ ਕਰਨੀ ਜਾਂ ਤਲਾਬ ਖੂਹ ਲਗਵਾਉਣੇ ਤੇ ਖੇਤੀਬਾੜੀ ਕਰਨੀ।

ਗੁਰਬਾਣੀ ਅਨੁਸਾਰ ਪ੍ਰਭੂ ਦਾ ਨਾਮ ਹੀ ਨੌਂ ਨਿਧੀਆਂ ਹਨ, ਇਹੀ ਸਿਧਾਂ ਦੀਆਂ ਸ਼ਕਤੀਆਂ ਹਨ ਤੇ ਦੌਲਤ-ਖ਼ੁਸ਼ਹਾਲੀ ਦੇ ਖਜ਼ਾਨੇ ਹਨ। ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਤੋਂ ਸਮਝ ਪੈਂਦੀ ਹੈ ਕਿ ਪ੍ਰਭੂ ਪਤਿਤ-ਉਧਾਰਨ, ਭੈ-ਹਰਨ,ਅਨਾਥਾਂ ਦੇ ਨਾਥ ਅਤੇ ਸਦਾ ਨਿਭਣ ਵਾਲੇ ਹਨ। ਦੁਨਿਆਵੀਂ ਸਮੱਗਰੀ ਤੇ ਸੰਬੰਧ ਭਵਜਲ ਦੀ ਸੰਰਚਨਾ ਕਰਦੇ ਹਨ। ਜਿਸ ਪ੍ਰਭੂ ਨੇ ਇਹ ਸਮੱਗਰੀ ਤੇ ਸੰਬੰਧ ਬਖ਼ਸ਼ੇ ਹਨ, ਉਸ ਨਾਲ ਜੁੜ ਕੇ ਨਉਨਿਧਿ' ਦੀ ਥਹੁ ਪੈਂਦੀ ਹੈ। ਗੁਰਬਾਣੀ ਵਿੱਚ ਇਸ ਲਈ ਖਜ਼ਾਨਾ, ਤੋਸ਼ਾ, ਨਿਧਾਨ, ਅਖੁੱਟ ਭੰਡਾਰ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਹ ਤਨ, ਧਨ, ਸੰਪੱਤੀਆਂ, ਵਪਾਰ, ਸੁੱਖ-ਸਹੂਲਤਾਂ ਸਭ ਦਾ ਦਾਤਾ ਇਕੋ ਪ੍ਰਭੂ ਹੈ। ਇਸ ਦੀ ਪ੍ਰਤੀਤੀ ਮਨ ਨੇ ਹੀ ਕਰਨੀ ਹੈ। ਮਨ ਹੀ ਭਉਨਿਧਿ ਵਿੱਚ ਡੁੱਬਿਆ ਹੈ ਤੇ ਮਨ ਨੇ ਹੀ ਪਾਰ ਉਤਰਣਾ ਹੈ। ਜਿਹੜੇ ਮਨ ਨੂੰ ਮਾਇਆ ਦੀ ਅਸਲੀਅਤ ਦਾ ਭੇਦ ਪਤਾ ਲੱਗ ਜਾਵੇਗਾ, ਉਹ ਦੁਨਿਆਵੀਂ ਦੌਲਤਾਂ ਦੀ ਖਾਹਿਸ਼ ਮਨ ਅੰਦਰ ਨਹੀਂ ਪਾਲੇਗਾ।

ਸਲੋਕ : ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥ (ਅੰਗ ੧੪੨੭)

ਨਿਸਿ-ਦਿਨ ਪ੍ਰਭੂ ਦੀ ਬੰਦਗੀ ਕਰਨ ਵਾਲੇ ਨੂੰ ਰਾਮ-ਰੂਪ ਦਾ ਮਾਣ ਦਿੱਤਾ ਹੈ। ਨਉ-ਨਿਧੀਆਂ ਤੋਂ ਭਾਵ ਹਰਿ ਨਾਮ ਰੂਪੀ ਧਨ ਹੈ।

ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥ ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ॥ ਮਾਇਆ ਮੋਹਿ ਜਲੈ ਅਭਿਮਾਨੁ ॥੧॥

ਪ੍ਰਭੂ ਕ੍ਰਿਪਾ ਨਿਧਿ, ਦਇਆ ਨਿਧਿ, ਕਰੁਣਾ ਨਿਧਿ ਹੈ, ਗੁਣਾਂ ਦਾ ਖਜ਼ਾਨਾ ਹੈ। ਪ੍ਰਭੂ ਦੀ ਪ੍ਰਾਪਤੀ ਨਾਲ ਸਮੂਹ ਖਜ਼ਾਨੇ ਪ੍ਰਾਪਤ ਹੋ ਜਾਂਦੇ ਹਨ।

ਏਕਸ ਬਿਨੁ ਸਭ ਧੰਧ ਹੈ ਸਭ ਮਿਥਿਆ ਮੋਹੁ ਮਾਇ॥੧॥ਰਹਾਉ॥ ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰ ਨਦਰਿ ਕਰੇਇ ॥ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥ (ਅੰਗ ੪੪)

ਨਉਨਿਧੀਆਂ ਦੀ ਪ੍ਰਾਪਤੀ ਜਾਂ ਬਖਸ਼ਿਸ਼ਾਂ ਦੇ ਢੰਗ/ਜੁਗਤ ਵੀ ਨੌਵੇਂ ਪਾਤਸ਼ਾਹ ਨੇ ਦਰਸਾਏ ਹਨ। ਸੋਰਠਿ ਰਾਗ ਦੇ ਸ਼ਬਦ ਵਿੱਚ ਜਗਿਆਸੂ ਮਨ ਤੇ ਗੁਰੂ ਦੇ ਸੰਵਾਦ ਰਾਹੀਂ ਸੋਝੀ ਪ੍ਰਾਪਤ ਕਰਦਾ ਹੈ:

ਪ੍ਰਾਨੀ ਕਉਨੁ ਉਪਾਉ ਕਰੈ ॥ ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥੧॥ਰਹਾਉ॥

ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ॥ ਕਉਨ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥ ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥ ਅਉਰ ਧਰਮ ਤਾ ਕੈ ਸਮ ਨਾਹਿਨ ਇਹ ਬਿਧਿ ਬੇਦੁ ਬਤਾਵੈ ॥੨॥ ( ਮ: ੯, ੬੩੨)

ਕਾਰਜ-ਭੂਮੀ ਤਾਂ ਮਨ ਹੀ ਹੈ, ਇਸਨੂੰ ਵਸ ਵਿੱਚਾਂ ਲਿਆਉਣ ਦੀ ਕੀ ਵਿਧੀ ਹੈ:

ਮਾਈ ਮਨੁ ਮੇਰੋ ਬਸਿ ਨਾਹਿ ॥

ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥੧॥ਰਹਾਉ॥

ਨਉਨਿਧਿ ਤੇ ਬਿਖਿਆ ਰਸ (ਮਾਇਕ/ਪਦਾਰਥਕ) ਦਾ ਦਵੰਦ ਹੈ। ਮਨ ਵਿੱਚ 'ਧਾਵਣ' ਦੀ ਪ੍ਰਕਿਰਿਆ ਕਿਸ ਤੇ ਕੇਂਦਰਿਤ ਹੈ। ਜੇ ਮਨ ਸਿਮਰਨ ਨਾਲ ਜੁੜਿਆ ਤਾਂ ਨਉਨਿਧੀਆਂ ਨੇ ਧਾ ਕੇ ਆਵਣਾ ਹੀ ਆਵਣਾ ਹੈ।

ਸੰਵਾਦ ਉਪਰੰਤ ਵਿਭਿੰਨ ਮਿਸਾਲਾਂ ਰਾਹੀਂ ਸਮਝ ਤਾਈਂ ਸੰਚਾਰ ਦੀ ਜੁਗਤ ਮਿਲਦੀ ਹੈ। ਜੀਵਨ ਦੀ ਫ਼ਿਲਾਸਫ਼ੀ, ਵਿਵਹਾਰ ਤੇ ਅਸਲੀਅਤ ਨੂੰ ਦਰਸਾ ਕੇ ਕੁਮਤਿ ਨੂੰ ਦੂਰ ਕਰ 'ਗੁਰੂ ਦੀ ਬਿਧੀ ਤੇ ਬਿਉਹਾਰ' ਨਾਲ ਜੋੜਨ ਦੀ ਬਖਸ਼ਿਸ਼ ਹੈ।

ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥ ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥੧॥ ਮਹਲਾ ੯।

ਯਹ ਮਨ ਨੈਕ ਨ ਕਹਿਓ ਕਰੈ ॥

ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥੧॥ਰਹਾਉ॥

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥ ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥੧॥ ਸੁਆਨ ਪੂਛ ਜਿਉ ਹੋਇ ਨਾ ਸੂਧੋ ਕਹਿਓ ਨ ਕਾਨ ਧਰੈ ॥ ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ ॥੨॥੧॥(ਅੰਗ ੫੩੬, ਦੇਵਗੰਧਾਰੀ ਮਹਲਾ ੯)

ਕੁਮਤਿ/ ਦੁਰਮਤਿ/ ਬਿਖਿਆਸਕਤ/ ਅਧਮਾਈ ਵਾਲੀ ਮਤ ਵਾਲਾ ਮਨ ਮੂਰਖ ਹੈ, ਅਜਹੂ ਨਹੀਂ ਸਮਝਤ ਹੈ, ਉਸ ਨੂੰ ਨਿਤ ਸਿੱਖਿਆ ਦੇ-ਦੇ ਕੇ ਹਾਰ ਹੀ ਮਿਲਦੀ ਹੈ। ਕੁੱਤੇ ਦੀ ਪੂਛ ਵਾਂਗ ਇਹ ਸਿੱਧਾ ਹੋਣ ਲਈ ਰਾਜ਼ੀ ਨਹੀਂ। ਅਜਿਹੇ ਮਨ ਨੂੰ ਜੀਵਨ ਦੀ ਨਾਸ਼ਮਤਾ ਤੇ ਸੱਚਾਈ ਦੱਸ ਕੇ ਬਾਰੰਬਾਰ ਨਾਮ ਨਾਲ ਜੁੜਨ ਦੀ ਪ੍ਰੇਰਣਾ ਹੈ। ਜਦ ਮਨ ਨੂੰ ਸਲੋਕਾਂ ਤੇ ਸ਼ਬਦਾਂ ਦੇ ਅਧਿਐਨ ਉਪਰੰਤ ਸੂਝ ਮਿਲਦੀ ਹੈ ਤਾਂ ਅਜਿਹਾ ਮਨ 'ਮੂਰਤਿ ਭਗਵਾਨ' ਦੀ ਕਿਰਪਾ ਪ੍ਰਾਪਤ ਕਰਨ ਦੀ ਸਮਰੱਥਾ ਤੇ ਸੰਭਾਵਨਾ ਰੱਖਦਾ ਹੈ। ਇਹ ਹੀ ਭਉਨਿਧਿ ਤੋਂ ਨਉਨਿਧਿ ਦੀ ਯਾਤਰਾ ਹੈ।

ਕਾਲ, ਸਥਾਨ, ਸਮੱਗਰੀ ਤੇ ਭਾਵਨਾਵਾਂ ਦੀ ਸਮੁੱਚੀ ਏਕਤਾ 'ਚੋਂ ੧ਓ ਦੀ ਸੂਝ-ਬੂਝ ਦੀ ਪ੍ਰਾਪਤੀ ਲਈ ਇਹਨਾਂ ਸਲੋਕਾਂ ਤੇ ਸ਼ਬਦਾਂ ਦਾ ਗਇਣ ਤੇ ਵਿਚਾਰ-ਅਧਿਐਨ ਸਹਾਈ ਹੁੰਦਾ ਹੈ। 'ਮਾਥੈ ਭਾਗ' ਹੋਣ ਨਾਲ ਹੀ ਅਜਿਹੇ ਅਨੁਭਵ ਦੀ ਪ੍ਰਾਪਤੀ ਹੁੰਦੀ ਹੈ। ਭਉਨਿਧਿ 'ਚੋਂ ਪਾਰ ਉਤਰਣ ਵਾਲਾ ਹੀ ਭੈ-ਮੁਕਤ ਹੈ, ਅਸਲ ਗਿਆਨੀ ਹੈ, ਉਸ ਅੰਦਰ ਬ੍ਰਹਮ ਦਾ ਨਿਵਾਸ ਹੈ। ਉਹੀ ਮੁਕਤਿ ਨਰ ਹੈ, ਉਸ ਨੇ ਕਰਤਾ ਰਾਮ ਦੀ ਪਛਾਣ ਕਰ ਲਈ ਹੈ। ਉਹ ਨਿਰਭਉ ਤੇ ਨਿਰਵੈਰ ਹੈ, ਉਸ ਨੂੰ ਜਮਾਂ ਦਾ ਡਰ ਨਹੀਂ।

ਅਜਿਹੇ ਮਨੁੱਖਾਂ ਨੂੰ ਸੰਸਾਰਕ ਦੁੱਖਾਂ ਦੀ ਮੁਥਾਜੀ ਕੀ ਹੋਣੀ ਹੈ, ਉਸ ਕੋਲ ਤਾਂ ਨਉਨਿਧੀਆਂ ਦੇ ਕਿਰਪਾ-ਭੰਡਾਰੇ ਹਨ। ਉਹ ਤਾਂ ਭਵਜਲ ਤਰਦਾ ਹੀ ਨਹੀਂ ਸਗੋਂ ਹੋਰਾਂ ਨੂੰ ਵੀ ਤਾਰਦਾ ਹੈ। ਗੁਰੂ ਝੀ ਬਖ਼ਸ਼ਿਸ਼ ਕਰਦੇ ਹਨ:

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥ (ਅੰਗ ੧੪੨੭)।

ਨੌਵੇਂ ਨਾਨਕ ਜੀ ਦੀ ਪਿਆਰੀ ਯਾਦ ਜਦੋਂ ਹਿਰਦੇ ਘਰ ਵਿੱਚ ਟਿਕ ਜਾਵੇ ਤਾਂ ਭਵ ਨਿਧਿ ਤਾਂ ਪਾਰ ਹੁੰਦਾ ਹੀ ਹੈ, ਸਗੋਂ ਨਉਨਿਧੀਆਂ ਵੀ ਧਾ ਕੇ ਆਉਂਦੀਆਂ ਹਨ। ਪਾਰਜਾਤ ਰੁੱਖ ਤੇ ਕਾਮਧੇਨ ਗਊ ਵਾਂਗ ਨਊਨਿਧਿ ਵੀ ਨਾਮ ਤੇ ਬਾਣੀ ਹੈ, ਜਿਸ ਨਾਲ ਸਰਬ ਇੱਛਾਵਾਂ ਪੂਰੀਆਂ ਕਰਨ ਵਾਲੇ ਸਰਬ ਸੁੱਖਾਂ ਦੇ ਦਾਤੇ ਨਾਲ ਮੇਲ ਹੁੰਦਾ ਹੈ ਤੇ ਮਨ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿੱਚ ਗਾ ਕੇ ਆਨੰਦਿਤ ਹੁੰਦਾ ਹੈ:

ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥ ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥

ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥

(ਅੰਗ ੪੯੬, ਗੂਜਰੀ ਮਹਲਾ ੫)

*****

98880 84503

bhuipnderkaurkaivta@gmial.com

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਰਾਮਾਤ ਤੋਂ ਉਪਰ ਸੀ

ਸਰਦਾਰਨੀ ਬ੍ਰਿਜਮਿੰਦਰ ਕੌਰ, ਜੈਪੁਰ (ਭਾਰਤ)

ਗੁਰੂ ਤੇਗ ਬਹਾਦਰ ਜੀ ਨੂੰ ਸ੍ਰਿਸ਼ਟੀ ਦੀ ਚਾਦਰ ਕਿਹਾ ਜਾਂਦਾ ਹੈ। ਸਿੱਖ ਗੁਰੂ ਜੀ ਨੂੰ ਅਕਾਲਪੁਰਖ ਦਾ ਰੂਪ ਕਹਿ ਕੇ ਪੁਕਾਰਦੇ ਹਨ। ਇਤਿਹਾਸ ਅਨੁਸਾਰ ਗੁਰੂ ਜੀ ਨੇ ਬਾਬਾ ਬਕਾਲੇ ਲਗਭਗ ੨੬ ਸਾਲ ਮਹਾਨ ਤਪੱਸਿਆ ਕੀਤੀ ਅਤੇ ਸਾਰੀ ਮਨੁੱਖਤਾ ਨੂੰ ਇਹ ਸੰਦੇਸ਼ ਦਿੱਤਾ ਕਿ ਸੱਚੀ ਸ਼ਕਤੀ ਕਿਸੇ ਕਰਾਮਾਤ ਵਿਚ ਨਹੀਂ ਬਲਕਿ ਪਰਮਾਤਮਾ ਨੂੰ ਸਦਾ ਯਾਦ ਰੱਖਣ, ਧੀਰਜ ਅਤੇ ਇਮਾਨਦਾਰੀ ਨਾਲ ਜੁੜੀ ਹੈ। ਉਨ੍ਹਾਂ ਦੀ ਸ਼ਹਾਦਤ ਸਾਰੀਆਂ ਕਰਾਮਾਤਾਂ ਤੋਂ ਕਿਤੇ ਉਪਰ ਸੀ।

ਮੱਖਣ ਸ਼ਹ ਲੁਬਾਣੇ ਦੀ ਸਾਖੀ ਇਹ ਪ੍ਰਮਾਣਿਤ ਕਰਦੀ ਹੈ ਕਿ ਨਾਮ ਵਿਚ ਲੀਨ ਰਹਿੰਦੇ ਹੋਏ ਅਪਣੇ ਸਚੇ ਸੇਵਕ ਦੀ ਰੱਖਿਆ ਗੁਰੂ, ਜੋ ਪਰਮਾਤਮਾ ਦਾ ਰੂਪ ਹੈ, ਜ਼ਰੂਰ ਕਰਦਾ ਹੈ। ਗੁਰੂ ਜੀ ਬਾਣੀ ਵਿੱਚ ਨਾਮ ਦੀ ਮਹਿਮਾ ਕਰਦੇ ਹੋਏ ਕਹਿੰਦੇ ਹਨ ਕਿ ਨਾਮ ਹੀ ਪ੍ਰਕਾਸ਼ ਅਤੇ ਸ਼ਕਤੀ ਹੈ। ਇਹੀ ਕਰਾਮਾਤ ਹੈ ਜੋ ਅਗਿਆਨਤਾ ਦੂਰ ਕਰਦੀ ਹੈ ਅਤੇ ਜੀਵਨ ਸਫਲ ਹੁੰਦਾ ਹੈ।

ਉਸ ਸਮੇਂ ਮੁਗਲ ਸ਼ਾਸਕਾਂ ਅਤੇ ਧਾਰਮਿਕ ਆਗੂਆਂ ਦਾ ਆਪਣੀ ਪਰ੍ਜਾ ਨਾਲ ਬਰਤਾਵ ਅਨੁਚਿਤ ਸੀ। ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਸੁਣ ਕੇ ਗੁਰੂ ਜੀ ਨੇ ਔਰੰਗਜ਼ੇਬ ਨੂੰ ਇਹ ਸੰਦੇਸ਼ ਭੇਜਣ ਵਾਸਤੇ ਕਿਹਾ ਕਿ ਅਗਰ ਸਾਡਾ ਗੁਰੂ ਧਰਮ ਪਰਿਵਰਤਨ ਕਰੇਗਾ ਤਾਂ ਅਸੀਂ ਵੀ ਧਰਮ ਪਰਿਵਰਤਨ ਕਰਨ ਲਈ ਤਿਆਰ ਹੋ ਜਾਂਵਾਂਗੇ।



ਗੁਰੂ ਜੀ ਜਦ ਦਿੱਲੀ ਗਏ ਤਾਂ ਉਨ੍ਹਾਂ ਦੇ ਸਾਹਮਣੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਇਸਲਾਮ ਕਬੂਲ ਕਰੋ, ਕੋਈ ਚਮਤਕਾਰ ਦਿਖਾਓ ਜਾਂ ਮੌਤ ਸਵੀਕਾਰ ਕਰੋ। ਗੁਰੂ ਜੀ ਨੇ ਇਸਲਾਮ ਸਵੀਕਾਰ ਕਰਨਾ ਜਾਂ ਕੌਈ ਚਮਤਕਾਰੀ ਜਾਂ ਕਰਾਮਤ ਦਿਖਾਉਣ ਤੋਂ ਇੱਕਾਰ ਕਰ ਦਿੱਤਾ। ਗੁਰੂ ਜੀ ਦੇ ਸਾਹਮਣੇ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ ਉਤੇ ਅਨੇਕਾਂ ਅਤਿਆਚਾਰ ਕੀਤੇ ਗਏ ਪਰ ਗੁਰੂ ਜੀ ਵਿਚਲਿਤ ਨਹੀਂ ਹੋਏ। ਸਨ੍ ੧੬੭੫ ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਜੀ ਸ਼ਹੀਦ ਹੋ ਗਏ।

ਸੀਸ ਦੀਆ ਪਰ ਸੀ ਨ ਉਚਰੀ ...

ਅਜ ਲੋੜ ਹੈ ਕਿ ਅਸੀਂ ਵੀ ਗੁਰੂ ਜੀ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ, ਅਤੇ ਚਮਤਕਾਰਾਂ ਜਾਂ ਕਰਾਮਾਤਾਂ ਦੇ ਭਲੇਖਿਆਂ ਵਿਚ ਪੈ ਕੇ ਸੱਚੇ ਧਰਮ ਤੋਂ ਦੂਰ ਨਾ ਹੋ ਜਾਈਏ।

# ਨਿਡਰਤਾ ਦੇ ਪ੍ਰਤੀਕ - ਗੁਰੂ ਤੇਗ਼ ਬਹਾਦਰ ਜੀ

ਡਾ. ਸਰਦਾਰ ਦੇਵਿੰਦਰ ਪਾਲ ਸਿੰਘ, ਮਿਸੀਸਾਗਾ - ਓਨਟਾਰੀਓ (ਕੈਨੇਡਾ)



ਗੁਰੂ ਤੇਗ਼ ਬਹਾਦਰ ਜੀ ਸਿੱਖ ਇਤਿਹਾਸ ਦੀ ਉਹ ਮਹਾਨ ਸਖ਼ਸ਼ੀਅਤ ਹਨ ਜਿਨ੍ਹਾਂ ਨੇ ਨਿਡਰਤਾ ਨਾਲ ਧਰਮ ਦੀ ਆਜ਼ਾਦੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਉਨ੍ਹਾਂ ਦਾ ਜੀਵਨ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਗੋਂ ਸਾਰੀ ਮਨੁੱਖਤਾ ਲਈ ਪ੍ਰੇਰਣਾਦਾਇਕ ਹੈ। ਗੁਰੂ ਜੀ ਬਾਲ ਅਵਸਥਾ ਤੋਂ ਹੀ ਸ਼ਾਂਤ, ਧਿਆਨ-ਮਗਨ ਅਤੇ ਗਹਿਰੇ ਚਿੰਤਨ ਵਾਲੇ ਸੁਭਾਅ ਦੇ ਮਾਲਿਕ ਸਨ। ਉਨ੍ਹਾਂ ਦਾ ਜੀਵਨ ਸਾਨੂੰ ਨਾਮ ਸਿਮਰਨ, ਨਿਰਵੈਰਤਾ, ਨਿਡਰਤਾ, ਤੇ ਸਰਬ ਸਾਂਝੀ ਸੇਵਾ ਦੀਆਂ ਅਮੋਲ ਸਿੱਖਿਆਵਾਂ ਦੀ ਦੱਸ ਪਾਉਂਦਾ ਹੈ।

**ਨਾਮ ਸਿਮਰਨ** : ਗੁਰੂ ਜੀ ਨੇ ਮਨੁੱਖੀ ਜੀਵਨ ਦਾ ਕੇਂਦਰ "ਨਾਮ ਸਿਮਰਨ"ਨੂੰ ਦੱਸਿਆ ਹੈ। ਧਿਆਨ ਤੇ ਸਿਮਰਨ ਗੁਰੂ ਜੀ ਲਈ ਕੇਵਲ ਧਾਰਮਿਕ ਕਿਰਿਆ ਨਹੀਂ ਸੀ, ਸਗੋਂ ਮਨੁੱਖੀ ਮਨ ਨੂੰ ਵਿਸ਼ਾਲਤਾ, ਦਇਆ ਤੇ ਅਹੰਕਾਰ-ਮੁਕਤੀ ਵੱਲ ਲਿਜਾਣ ਵਾਲਾ ਮਾਰਗ ਸੀ। ਉਨ੍ਹਾਂ ਦਾ ਫੁਰਮਾਣ ਹੈ ਕਿ ਜੋ ਮਨੁੱਖ ਅਹੰਕਾਰ, ਮੋਹ ਤੇ ਮਾਇਆ ਤਿਆਗ ਕੇ ਆਪਣੇ ਮਨ ਨੂੰ ਪ੍ਰਭੂ ਸਿਮਰਨ ਨਾਲ ਜੋੜ ਲੈਂਦਾ ਹੈ, ਉਸ ਦਾ ਚਿੱਤ ਸਾਫ ਅਤੇ ਸ਼ਾਂਤ ਹੋ ਜਾਂਦਾ ਹੈ।

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ (ਮ. 9, ਪੰਨਾ 219)

ਇਹ ਉਪਦੇਸ਼ ਜੀਵਨ ਨੂੰ ਸਹੀ ਦਿਸ਼ਾ ਦਿੰਦਾ ਹੈ।

ਗੁਰੂ ਜੀ ਦਾ ਉਪਦੇਸ਼ ਸਾਫ ਹੈ: ਪਹਿਲਾਂ ਮਨੁੱਖ ਨੂੰ ਆਪਣੀ ਅੰਦਰਲੀ ਮਲੀਨਤਾ, ਹੰਕਾਰ, ਮੋਹ ਤੇ ਮਾਇਆ, ਨੂੰ ਦੂਰ ਕਰਨਾ ਚਾਹੀਦਾ ਹੈ। ਫਿਰ ਉਸ ਖਾਲੀ ਚਿੱਤ ਨੂੰ ਪਰਮਾਤਮਾ ਦੇ ਨਾਮ ਨਾਲ ਭਰਨਾ ਚਾਹੀਦਾ ਹੈ। ਇਸ ਲੀਨਤਾ ਤੋਂ ਜੀਵਨ ਵਿਚ ਸ਼ਾਤੀ ਅਤੇ ਅਮਰਤਾ ਪ੍ਰਗਟ ਹੁੰਦੀ ਹੈ।

**ਨਿਡਰਤਾ** ਉਨ੍ਹਾਂ ਦਾ ਕਥਨ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

ਜੋ ਸੱਚੇ ਗਿਆਨ ਨਾਲ ਭਰਪੂਰ ਹੈ, ਉਹ ਜ਼ੁਲਮ ਨਹੀਂ ਕਰਦਾ, ਕਿਸੇ ਨੂੰ ਡਰਾਉਂਦਾ ਨਹੀਂ। ਉਸ ਵਿਚ ਨਾ ਹੰਕਾਰ ਹੈ, ਨਾ ਮਾਣ। ਜਦ ਅਸੀਂ ਕਿਸੇ ਤੋਂ ਡਰਦੇ ਹਾਂ, ਮਾਇਆ ਦੇ ਵੱਸ ਵਿਚ ਹਾਂ। ਜਦੋਂ ਕਿਸੇ ਨੂੰ ਡਰਾਉਂਦੇ ਹਾਂ, ਅਸੀਂ ਅਹੰਕਾਰ ਦੇ ਗੁਲਾਮ ਹਾਂ। ਇਨ੍ਹਾਂ ਦੋਵੇਂ ਹਾਲਤਾਂ ਵਿਚ ਮਨੁੱਖੀ ਆਤਮਾ ਆਜ਼ਾਦੀ ਹਾਸਲ ਨਹੀਂ ਕਰ ਸਕਦੀ।

ਅੱਜ ਦੇ ਸਮਾਜ ਵਿਚ, ਜਿੱਥੇ ਡਰ, ਹਿੰਸਾ ਅਤੇ ਸੱਤਾ ਦਾ ਦਬਾਅ ਹੈ, ਇਹ ਗੁਰੂ ਬਾਣੀ ਸਾਨੂੰ ਸਿਖਾਉਂਦੀ ਹੈ ਕਿ ਅਸਲੀ ਧਰਮ ਅਤੇ ਗਿਆਨ ਦਾ ਮਤਲਬ ਹੈ: ਨਿਰਭਉ ਹੋ ਕੇ ਸੱਚ ਦੇ ਪੱਖ ਵਿਚ ਖੜ੍ਹਾ ਰਹਿਣਾ, ਤੇ ਨਾਲ ਹੀ ਕਿਸੇ ਹੋਰ ਜੀਵ ਨੂੰ ਡਰਾਉਣ ਜਾਂ ਦੁੱਖ ਪਹੁੰਚਾਉਣ ਤੋਂ ਬਚਣਾ।

**ਸਰਬੱਤ ਦਾ ਭਲਾ — ਸਮਾਨਤਾ ਦੀ ਸਿੱਖਿਆ** : ਗੁਰੂ ਜੀ ਦੀ ਬਾਣੀ ਮਨੁੱਖੀ ਏਕਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਸਿਖਾਇਆ ਕਿ ਰੱਬ ਇੱਕ ਹੈ, ਪਰ ਮਨੁੱਖ ਨੇ ਉਸ ਨੂੰ ਧਰਮਾਂ ਅਤੇ ਜਾਤਾਂ ਵਿੱਚ ਵੰਡਿਆ ਹੈ।

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ (ਮ. 9, ਪੰਨਾ 1427)

ਇਹ ਬਾਣੀ ਦਾ ਕੇਂਦਰੀ ਸੁਨੇਹਾ ਹੈ: ਰੱਬ ਕਿਸੇ ਇਕ ਥਾਂ ਜਾਂ ਧਰਮ ਤਕ ਸੀਮਤ ਨਹੀਂ। ਉਹ ਹਰ ਹਰ ਪ੍ਰਾਣੀ, ਹਰ ਅੰਸ਼ ਵਿਚ ਵੱਸਦਾ ਹੈ। ਇਹ ਵਿਚਾਰ ਮਨੁੱਖ ਨੂੰ ਸਿਖਾਉਂਦੀ ਹੈ ਕਿ ਜਦ ਰੱਬ ਸਭ ਅੰਦਰ ਵੱਸਦਾ ਹੈ, ਤਾਂ ਕਿਸੇ ਨਾਲ ਘ੍ਰਿਣਾ ਕਰਨਾ, ਕਿਸੇ ਨੂੰ ਦੁੱਖ ਦੇਣਾ: ਰੱਬ ਨਾਲ ਵਿਸਾਹਘਾਤ ਕਰਨ ਦੇ ਬਰਾਬਰ ਹੈ। ਇਸ ਤਰ੍ਹਾਂ ਇਸ ਸ਼ਲੋਕ ਵਿੱਚ ਗੁਰੂ ਜੀ ਨੇ ਮਨੁੱਖਤਾ ਦੇ ਸਮਾਨਤਾ ਦਾ ਸਦਾ-ਥਿਰ ਸੰਦੇਸ਼ ਦਿੱਤਾ। ਜਿਹੜਾ ਮਨੁੱਖ ਸੱਚਾ ਹੈ, ਉਹ ਰੱਬ ਦੇ ਨੇੜੇ ਹੈ, ਚਾਹੇ ਉਸ ਦਾ ਧਰਮ ਜਾਂ ਜਾਤ ਜੋ ਮਰਜ਼ੀ ਹੋਵੇ।

**ਮਨੁੱਖਤਾ ਦੀ ਸੁਰੱਖਿਆ ਦਾ ਸੁਨੇਹਾ** : ਨਵੰਬਰ 1675 ਵਿੱਚ ਬੇਸ਼ਕ ਉਨ੍ਹਾਂ ਦਾ ਸਿਰ ਕੱਟਿਆ ਗਿਆ, ਪਰ ਉਨ੍ਹਾਂ ਆਪਣਾ ਸਿਰ ਝੁਕਾਇਆ ਨਹੀਂ। ਇਸ ਨਾਲ ਦੇਸ਼ ਭਰ ਵਿੱਚ ਜਾਗਰਤੀ ਦੀ ਨਵੀਂ ਲਹਿਰ ਜਾਗ ਪਈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦੀ ਯਾਦ ਵਿੱਚ ਫੁਰਮਾਇਆ:

"ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂ ਮਹਿ ਸਾਕਾ।(ਬਚਿੱਤਰ ਨਾਟਕ)"।


ਗੁਰੂ ਜੀ ਨੂੰ ਪਰਮਾਤਮਾ ਨੇ ਧਿਰਮ, ਅਧਿਆਤਮ ਤੇ ਮਨੁੱਖਤਾ ਦੀ ਰੱਖਿਆ ਲਈ ਚੁਣਿਆ। ਇਹ ਹਿੰਮਤ, ਅਹਿੰਸਾ ਤੇ ਧਰਮ ਨਿਭਾਉਣ ਦੀ ਸਭ ਤੋਂ ਵੱਡੀ ਮਿਸਾਲ ਸੀ। ਇਸੇ ਲਈ ਉਨ੍ਹਾਂ ਨੂੰ "ਹਿੰਦ ਦੀ ਚਾਦਰ" ਕਿਹਾ ਜਾਂਦਾ ਹੈ। ਗੁਰੂ ਜੀ ਨੇ ਦਿਖਾਇਆ ਕਿ ਸੱਚੀ ਆਰਾਧਨਾ ਸ਼ਬਦਾਂ ਨਾਲ ਨਹੀਂ, ਪਰ ਕਿਰਿਆ ਨਾਲ ਹੁੰਦੀ ਹੈ।

**ਗੁਰੂ ਜੀ ਦੀ ਵਿਰਾਸਤ — ਅੱਜ ਦੇ ਸੰਦਰਭ ਵਿੱਚ** : ਅੱਜ ਗੁਰੂ ਜੀ ਦੀ ਸਿੱਖਿਆ ਹੋਰ ਵੀ ਪ੍ਰਸੰਗਿਕ ਹੋ ਗਈ ਹੈ। ਉਹ ਸਾਨੂੰ ਸਿਖਾਉਂਦੇ ਹਨ ਕਿ ਆਤਮਿਕ ਜੀਵਨ, ਨੈਤਿਕਤਾ, ਸੱਚਾਈ ਅਤੇ ਦਇਆ ਹੀ ਮਨੁੱਖਤਾ ਦੀ ਅਸਲੀ ਧਰੋਹਰ ਹੈ। ਧਰਮ ਕਿਸੇ ਨੂੰ ਉੱਚਾ ਜਾਂ ਨੀਵਾਂ ਦਿਖਾਉਣਾ ਨਹੀਂ, ਸਗੋਂ ਸਭ ਦਾ ਆਦਰ ਕਰਨਾ ਹੈ। ਬਾਣੀ ਦਾ ਕੇਂਦਰੀ ਧੁਰਾ ਹੈ: ਨਿਡਰ ਜੀਵਨ, ਸੱਚ ਦੀ ਰਾਹ ਤੇ ਚਲਣਾ, ਤੇ ਰੱਬ ਨਾਲ ਪਿਆਰ।

ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਮਨੁੱਖੀ ਆਦਰਸ਼ਾਂ ਦਾ ਪ੍ਰਤੀਕ ਹੈ। ਉਹਨਾਂ ਦੀ ਸਿੱਖਿਆ ਧਰਮਾਂ ਤੋਂ ਉੱਪਰ ਉਠ ਕੇ ਸਾਰਿਆਂ ਲਈ ਰੌਸ਼ਨੀ ਦਾ ਚਾਨਣ ਮੁਨਾਰਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਵਿਰਾਸਤ ਸਾਨੂੰ ਹਮੇਸ਼ਾਂ ਪ੍ਰੇਰਨਾ ਦਿੰਦੀ ਰਹੇਗੀ: ਸੱਚ ਬੋਲਣ, ਨਿਡਰ ਜੀਵਨ ਜਿਉਣ ਅਤੇ ਸਭ ਨਾਲ ਪ੍ਰੇਮ ਕਰਨ ਲਈ। ਉਨ੍ਹਾਂ ਦਾ ਜੀਵਨ ਅਮਰ ਹੈ, ਉਨ੍ਹਾਂ ਦੀ ਬਾਣੀ ਅਵਿਨਾਸ਼ੀ ਹੈ, ਤੇ ਉਨ੍ਹਾਂ ਦੀ ਕੁਰਬਾਨੀ ਮਨੁੱਖਤਾ ਨੂੰ ਉੱਚਾ ਕਰਨ ਵਾਲੀ ਸਦੀਵੀ ਪ੍ਰੇਰਨਾ ਹੈ।

Email: drdpsingn@gmail.com
Web :drd psinghauthor.wordpress.com


ਈ-ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਨੌਵੇਂ ਪਾਤਸ਼ਾਹ ਦੀ ਸਾਢੇ ਤਿੰਨ ਸੌ ਸਾਲਾ ਸ਼ਤਾਬਦੀ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸੁਜਾਨ ਸਿੰਘ ਸੁਜਾਨ ਟੋਰੰਟੋ
ਕੋ-ਹੋਸਟ
ਜਸਵਿੰਦਰ ਸਿੰਘ ਰੁਪਾਲ
ਪ੍ਰੈਸ ਸਕੱਤਰ
ਸ.ਜੁਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 25 ਅਕਤੂਬਰ
ਸ਼ਨੀਵਾਰ
9 AM ਕੈਲਗਰੀ
ਸਮਾਂ:
8:30 PM ਇੰਡੀਆ
8:00 AM BC / USA
11:00 AM ਟੋਰੰਟੋ
ਪਹੁੰਚ ਰਹੇ ਕਵੀ ਸਹਿਬਾਨ
ਕੁਲਵਿੰਦਰ ਸਿੰਘ ਗਾਖਲ
ਜਲੰਧਰ
ਸਤਬੀਰ ਸਿੰਘ
ਅਮ੍ਰਿਤਸਰ
ਸੁਖਮੰਦਰ ਸਿੰਘ ਗਿੱਲ
ਕੈਲਗਰੀ
ਜਸਵੰਤ ਸਿੰਘ ਸੇਖੋਂ
ਕੈਲਗਰੀ
ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
ਗੁਰਜੀਤ ਕੌਰ
ਅਜਨਾਲਾ
ਪਲਵਿੰਦਰ ਸਿੰਘ ਰੰਧਾਵਾ
ਸਰੀ ਬੀ ਸੀ
ਪਰਨੀਤ ਕੌਰ ਸਿਮਰਲੀਨ ਕੌਰ
ਟੋਰੰਟੋ
ZOOM ID 98294816545
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ


Sujan Singh Sujan
Gurdish kaur Grewal
Balraj Singh
Sartaj
Kulvinder Singh Gakhal State Awardee
Gill sukhmander Calgary
Palwinder Randhawa
Satbir Singh
Jasvinder Singh Rupal
Kabal Singh
Prof S S Bhatti
Jasveer Sharma
Simarleen kaur

## ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਵੀ ਦਰਬਾਰ

## ਕੈਲਗਰੀ : ( ਸਰਦਾਰ ਜਸਵਿੰਦਰ ਸਿੰਘ ਰੁਪਾਲ)

ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਤਾਬਦੀ ਨੂੰ ਮੁੱਖ ਰੱਖ ਕੇ ਇੰਟਰਨੈਸ਼ਨਲ ਕਵੀ ਦਰਬਾਰ ਕਰਵਾਇਆ ਗਿਆ- ਜਿਸ ਵਿਚ ਕਵੀਆਂ ਨੇ ਆਪਣੇ ਕਾਵਿਮਈ ਬੋਲਾਂ ਨਾਲ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸ਼ਰਧਾਂਜਲੀ ਦਿੱਤੀ। ਸੋਸਾਇਟੀ ਦੇ ਸੰਸਥਾਪਕ ਡਾ. ਬਲਰਾਜ ਸਿੰਘ ਜੀ ਨੇ ਸਾਰੇ ਕਵੀਆਂ ਨੂੰ ਜੀ ਆਇਆਂ ਕਿਹਾ ।

ਸਮਾਗਮ ਦਾ ਆਰੰਭ ਮਨਰੀਤ ਕੌਰ ਅਤੇ ਅਨੁਰੀਤ ਕੌਰ ਦੇ ਗਾਏ ਗਏ ਸ਼ਬਦ "ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ" ਨਾਲ ਹੋਇਆ। ਸੁਖਮੰਦਰ ਸਿੰਘ ਗਿੱਲ ਕੈਲਗਰੀ ਨੇ ਸਾਜਾਂ ਨਾਲ ਆਪਣਾ ਗੀਤ "ਤਿਲਕ ਜੰਞੂ ਦੀ ਰਾਖੀ ਖਾਤਰ ਸਤਿਗੁਰਾਂ ਸੀਸ ਕਟਾਏ ਐ" ਗਾ ਕੇ, ਕਵੀ ਦਰਬਾਰ ਦੀ ਆਰੰਭਤਾ ਕੀਤੀ। ਜਲੰਧਰ ਤੋਂ ਪੰਥਕ ਕਵੀ ਕੁਲਵਿੰਦਰ ਸਿੰਘ ਗਾਖਲ ਨੇ ਕਵਿਤਾ "ਹਿੰਦੂਆਂ ਦਾ ਧਰਮ ਬਚਾਵਣ ਲਈ ਸਤਿਗੁਰ ਦਿੱਲੀ ਵੱਲ ਆਏ ਸੀ।" ਗਾ ਕੇ ਪੇਸ਼ ਕੀਤੀ। ਅੰਮ੍ਰਿਤਸਰ ਤੋਂ ਗੁਰਜੀਤ ਕੌਰ ਅਜਨਾਲਾ ਨੇ ਗੀਤ "ਚਾਲੇ ਨੌਂਵੇਂ ਗੁਰਾਂ ਦਿੱਲੀ ਵੱਲ ਪਾਏ ਸੀ " ਤਰੰਨਮ ਵਿੱਚ ਪੇਸ਼ ਕੀਤਾ ਅਤੇ ਸਤਬੀਰ ਸਿੰਘ ਸਿਫ਼ਰ ਨੇ ਕਵਿਤਾ "ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ" ਸੁਣਾਈ। ਮੁਕਤਸਰ ਤੋਂ ਬ੍ਰਾਹਮਣ ਪਰਿਵਾਰ ਚੋਂ ਸਾਬਤ ਸੂਰਤ ਦਸਤਾਰਧਾਰੀ ਜਸਵੀਰ ਸ਼ਰਮਾ ਦੱਦਾਹੂਰ ਨੇ "ਹਿੰਦ ਦੀ ਚਾਦਰ ਦਾਗੀ ਹੋ ਜੂ, ਜੇ ਅੱਜ ਧਰਮ ਬਚਾਇਆ ਨਾ" ਗੀਤ ਸੁਣਾ ਕੇ ਗੁਰੂ ਸਾਹਿਬ ਜੀ ਦੀ ਕੁਰਬਾਨੀ ਪ੍ਰਤੀ ਆਭਾਰ ਪ੍ਰਗਟ ਕੀਤਾ।

ਸਰੀ ਤੋਂ ਪਲਵਿੰਦਰ ਸਿੰਘ ਰੰਧਾਵਾ ਨੇ ਛੰਦਮਈ ਕਵਿਤਾ "ਧੰਨ ਗੁਰੂ ਤੇਗ ਬਹਾਦਰ ਜੀ" ਤਰੰਨਮ ਵਿੱਚ ਸੁਣਾਈ। ਕਵੀਸ਼ਰੀ ਵਿੱਚ ਮਾਹਰ, ਜਸਵੰਤ ਸਿੰਘ ਸੇਖੋਂ ਕੈਲਗਰੀ ਨੇ ਗੁਰੂ ਤੇਗ ਬਹਾਦਰ ਜੀ ਦਾ ਸਰੀਰ ਸਾਂਭਣ ਲਈ ਹੋਈਆਂ ਗੁਪਤ ਮੀਟਿੰਗਾਂ ਦਾ ਇਤਿਹਾਸਕ ਪੱਖ ਸਾਹਮਣੇ ਲਿਆਂਦਾ। ਜਸਵਿੰਦਰ ਸਿੰਘ ਰੁਪਾਲ ਨੇ ਬੈਂਤ ਛੰਦ ਵਿੱਚ ਕਵਿਤਾ "ਨੌਂਵਾਂ ਪਾਤਸ਼ਾਹ ਸੂਰਜ ਕੁਰਬਾਨੀਆਂ ਦਾ" ਸਟੇਜੀ ਅੰਦਾਜ਼ ਵਿੱਚ ਸੁਣਾਈ। ਮੇਜ਼ਬਾਨ ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਕਵਿਤਾ "ਤੇਗ ਬਹਾਦਰ ਸਿਮਰੀਐ" ਬੈਂਤ ਛੰਦ ਵਿੱਚ ਸੁਣਾਈ। ਸਿਮਰਲੀਨ ਕੌਰ, ਪਰਨੀਤ ਕੌਰ ਅਤੇ ਪਰਮਜੀਤ ਸਿੰਘ ਨੇ ਸਾਜ਼ਾਂ ਨਾਲ ਗੀਤ 'ਕਸ਼ਮੀਰੀ ਪੰਡਤਾਂ ਦੀ ਪੁਕਾਰ' ਪੇਸ਼ ਕਰਕੇ ਕਵੀ ਦਰਬਾਰ ਨੂੰ ਸਮਾਪਤੀ ਵੱਲ ਲਿਆਂਦਾ। ਅਖੀਰ ਤੇ ਹੋਰ ਕਵੀਆਂ ਨੂੰ ਪੇਸ਼ ਕਰਨ ਵਾਲੇ ਸੁਜਾਨ ਸਿੰਘ ਸੁਜਾਨ ਨੇ ਆਪਣਾ ਗੀਤ "ਗੁਜਰੀ ਨੇ ਕਿੰਨਾ ਦੁੱਖ ਸੀਨੇ ਤੇ ਸਹਾਰਿਆ!" ਭਾਵਪੂਰਤ ਲਹਿਜੇ ਵਿੱਚ ਸੁਣਾ ਕੇ ਮਾਹੌਲ ਨੂੰ ਗਮਗੀਨ ਕਰ ਦਿੱਤਾ। ਡਾ. ਸੁਰਜੀਤ ਸਿੰਘ ਭੱਟੀ ਜੀ ਨੇ ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ 'ਸਾਂਝੀ ਵਿਰਾਸਤ' ਮੈਗਜ਼ੀਨ ਦੇ ਅਗਲੇ ਵਿਸ਼ੇਸ਼ ਅੰਕ "ਗੁਰੂ ਤੇਗ ਬਹਾਦਰ ਜੀ ਅੰਕ" ਲਈ ਭੇਜਣ ਲਈ ਕਿਹਾ। ਅੰਤ ਤੇ ਸੰਸਥਾਪਕ ਜਗਬੀਰ ਸਿੰਘ ਜੀ ਨੇ ਸੋਸਾਇਟੀ ਵੱਲੋਂ ਸਭ ਦਾ ਧੰਨਵਾਦ ਕੀਤਾ। ਸੋਸਾਇਟੀ ਦੀ ਮਰਯਾਦਾ ਅਨੁਸਾਰ ਅਨੰਦ ਸਾਹਿਬ ਦੇ ਪਾਠ ਤੋਂ ਬਾਅਦ ਅਰਦਾਸ ਅਤੇ ਹੁਕਮਨਾਮੇ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

## ਤਿਆਗ ਅਤੇ ਆਸ਼ਾਵਾਦਕ ਜੀਵਨ ਵਾਲੇ
## ਗੁਰੂ ਤੇਗ ਬਹਾਦਰ ਸਾਹਿਬ

ਪ੍ਰੋਫੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਗੁਰੂ ਤੇਗ ਬਹਾਦਰ ਸਾਹਿਬ ਬਚਪਨ ਤੋਂ ਹੀ ਦੂਸਰੇ ਦੇ ਦੁਖ ਨੂੰ ਸਮਝ ਕੇ ਉਸ ਨਾਲ ਹਮਦਰਦੀ ਅਤੇ ਉਸ ਦੀ ਸਹਾਇਤਾ ਕਰਨ ਦੀ ਭਾਵਨਾ (Empathy) ਰਖਦੇ ਸਨ। ਉਨ੍ਹਾਂ ਦਾ ਨਾਮ ਵੀ ਪਹਿਲੇ 'ਤਯਾਗ ਮਲ' ਸੀ। ਇਸੇ ਭਾਵਨਾ ਤੋਂ ਪ੍ਰੇਰਣਾ ਲੈ ਕੇ ਉਹ ਕਸ਼ਮੀਰੀ ਪੰਡਤਾਂ ਉਤੇ ਹੋ ਰਹੇ ਜ਼ੁਲਮ ਨੂੰ ਸਹਿ ਨਾ ਸਕੇ ਅਤੇ ਉਨ੍ਹਾਂ ਦੇ ਧਰਮ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਦਾ ਹਿਰਦਾ (ਭੁਲੇਖਿਆਂ ਵਿਚ ਭਟਕਦੀ) ਸਾਰੀ ਮਨੁੱਖਤਾ ਦੇ ਭਲੇ ਲਈ ਸਦਭਾਵਨਾ ਨਾਲ ਭਰਿਆ ਹੋਇਆ ਸੀ। ਉਨ੍ਹਾਂ ਨੇ ਸਾਨੂੰ ਸੰਸਾਰ ਦੇ ਮੋਹ ਅਤੇ ਸਵਾਰਥ ਤਿਆਗ ਕੇ ਮਨੁੱਖੀ ਭਲੇ ਅਤੇ ਆਜ਼ਾਦੀ ਦੇ ਮੁੱਢਲੇ ਹੱਕਾਂ ਲਈ ਆਪਣੀਆਂ ਜ਼ਿੰਮੇਵਾਰੀਆਂ ਦਾ ਗਿਆਨ ਬਖਸ਼ਿਆ ਹੈ।

ਗੁਰੂ ਸਾਹਿਬ ਸੰਸਾਰ ਨੂੰ ਨਾਸ਼ਵਾਨ ਦੱਸ ਕੇ ਇਸ ਦੇ ਲੋਭ ਅਤੇ ਮੋਹ ਵਿਚ ਗ਼ਲਤਾਨ ਨਾ ਹੋਣ ਲਈ ਸਾਨੂੰ ਸੁਚੇਤ ਕੀਤਾ ਹੈ। ਇਥੇ ਬੜੇ ਪਰਾਕ੍ਰਮੀ ਰਾਜੇ ਮਹਾਰਾਜੇ, ਧਨਵਾਨ, ਵਿਦਵਾਨ, ਜੋਧੇ, ਭਗਤ ਅਤੇ ਦਾਨੀ ਵੀ ਸਦਾ ਨਹੀਂ ਰਹੇ। ਮਨੁੱਖੀ ਜੀਵਨ ਨੂੰ ਉਹ ਹਵਾ ਵਿਚ ਤੈਰਦੇ ਅਸਮਾਨੀ ਬੱਦਲ ਦੀ ਛਾਂ ਵਰਗਾ ਕਹਿੰਦੇ ਹਨ। ਸਾਡੇ ਆਲੀਸ਼ਾਨ ਮਹਲ ਸਮੇ ਨਾਲ ਕਿਸੇ ਦਿਨ ਰੇਤ ਦੀ ਦੀਵਾਰ ਵਾਂਗ ਢਹਿ ਕੇ ਖੰਡਰ ਬਣ ਜਾਣਗੇ। ਜ਼ਿੰਦਗੀ ਨੂੰ ਉਹ ਇਕ ਰਾਤ ਦੇ ਸੁਫਨੇ ਵਾਂਗ ਦੱਸਦੇ ਹਨ ਜੋ ਸਦੀਵੀ ਸੱਚ ਨਹੀਂ ਅਤੇ ਜਿਸ ਨੂੰ ਅਸੀਂ ਸਭ ਨੇ ਸਵੇਰ ਹੋਣ ਤੇ ਭੁੱਲ ਜਾਣਾ। ਜਿਸ ਸਰੀਰ ਨੂੰ ਹਰ ਵਿਅੱਕਤੀ ਬੜੇ ਜਤਨਾਂ ਨਾਲ ਪਾਲੀਦਾ ਹੈ ਉਸ ਨੇ ਵੀ ਮੌਤ ਦੇ ਨਾਲ ਹੀ ਸਾਡਾ ਸਾਥ ਛੱਡ ਜਾਣਾ ਹੈ।

ਧਨ, ਦੌਲਤ ਅਤੇ ਸਾਰੇ ਰਿਸ਼ਤੇ ਜਿਨ੍ਹਾਂ ਨੂੰ ਅਸੀਂ ਆਪਣੇ ਮੰਨਦੇ ਹਾਂ, ਇੱਕ ਦਿਨ ਵਿੱਛੜ ਜਾਣੇ ਹਨ, ਅਖੀਰ ਕਿਸੇ ਨੇ ਵੀ ਕੰਮ ਨਹੀਂ ਆਉਣਾ।

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ
ਮਾਨਿ ॥ ਇਨ ਮੈ ਕਛੁ ਸੰਗੀ ਨਹੀ ਨਾਨਕ
ਸਾਚੀ ਜਾਨਿ ॥5॥

ਜੇ ਕਿਸੇ ਨੇ ਇਥੇ ਹਮੇਸ਼ਾਂ ਨਹੀਂ ਰਹਿਣਾ ਤਾਂ ਗੁਰੂ ਸਾਹਿਬ ਸੰਸਾਰਕ ਲੋਕਾਂ ਨੂੰ ਸਮਝਾਉਂਦੇ ਹਨ ਕਿ ਇਨ੍ਹਾਂ ਕੁਛ ਸਮੇ ਦੀਆਂ ਵਡਿਆਈਆਂ ਦੀ ਭਾਲ ਵਿਚ ਨਾ ਭਟਕੋ। ਇਹੋ ਅਸਲੀ 'ਤਿਆਗ' ਹੈ।

ਗੁਰੂ ਸਾਹਿਬ ਨਿਰਾਸ਼ਾ-ਵਾਦੀ ਵੀ ਨਹੀਂ ਸਨ। ਉਹ ਸੰਸਾਰ ਦੀਆਂ ਬੁਰਾਈਆਂ ਦੇ ਤਿਆਗ ਦੀ ਗਲ ਕਰਦੇ ਹਨ, ਪਰ ਸੰਸਾਰ ਵਿਚ ਆਪਣੀਆਂ ਜ਼ਿੰਮੇਵਾਰੀਆਂ ਦੀ ਅਣਦੇਖੀ ਕਰਨ ਦੀ ਨਹੀਂ। ਬਹਾਦਰੀ ਨਾਲ ਅੱਤਿਆਚਾਰ ਵਿੱਰੁਧ ਲੜਨ ਲਈ ਪ੍ਰੇਰਣਾ ਵੀ ਦਿੰਦੇ ਹਨ। ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਦੇ ਨਾਲ ਮਿਲ ਕੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਨਾਲੋਂ ਕਿਤੇ ਵੱਡੀਆਂ ਮੁਗਲ ਫੌਜਾਂ ਦੇ ਹਮਲਿਆਂ ਦਾ ਜੰਗ ਵਿਚ ਟਾਕਰਾ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਉਹ ਤਲਵਾਰ ਦੇ ਧਨੀ ਸਨ। ਇਸੇ ਲਈ ਉਹ ਤਯਾਗ ਮਲ ਤੋਂ ਬਾਅਦ ਵਿਚ 'ਤੇਗ ਬਹਾਦਰ' ਕਹਿਲਾਏ। ਉਨ੍ਹਾਂ ਇਹ ਜੁੱਧ ਕਿਸੇ ਇਲਾਕੇ ਤੇ ਕਬਜਾ ਕਰਨ ਲਈ ਨਹੀਂ ਲੜੈ। ਮਨੁੱਖੀ ਹੱਕਾਂ ਦੀ ਰਾਖੀ ਲਈ, ਚੜ੍ਹਦੀ ਕਲਾ (Optimism) ਵਿਚ ਸ਼ਹਾਦਤ ਦਿੱਤੀ ਪਰ ਆਪਣਾ ਧਰਮ ਨਹੀਂ ਛੱਡਿਆ।

ਗੁਰੂ ਸਾਹਿਬ ਦੇ ਤਿਆਗ ਦੇ ਫਲਸਫੇ ਵਿਚ ਜੀਵਨ ਨੂੰ ਸੇਧ ਦੇਣ ਵਾਲਾ ਅਧਿਆਤਮਕ ਗਿਆਨ ਹੈ, ਜਿਸ ਤੋਂ ਮਨੁੱਖ ਨੂੰ ਸੁਖ, ਦੁਖ, ਲੋਭ, ਮੋਹ ਅਤੇ ਅਹੰਕਾਰ ਛੱਡ ਕੇ ਸਹਿਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਅਜਿਹਾ ਮਨੁੱਖ ਉਸਤਤ ਜਾਂ ਨਿੰਦਾ ਵਿਚ ਨਹੀਂ ਪੈਂਦਾ ਅਤੇ ਉਸ ਨੂੰ ਵੈਰੀ ਜਾਂ ਮਿੱਤਰ ਇੱਕੋ ਲਗਦੇ ਹਨ। ਉਹ ਨਾ ਕਿਸੇ ਨੂੰ ਡਰਾਉਂਦਾ ਹੈ, ਨਾ ਕਿਸੇ ਤੋਂ ਡਰਦਾ ਹੈ। ਅਜਿਹਾ ਵਿਅੱਕਤੀ ਸੱਚਾ ਬੈਰਾਗੀ ਹੈ।

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥13॥

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥17॥

ਇਥੇ ਇਹ ਵਰਣਨਯੋਗ ਹੈ ਕਿ ਫ੍ਰਾਂਸ ਵਿਚ ਵੌਲਟੇਅਰ (Voltaire) ਨੇ ਮਨੁੱਖੀ ਬਰਾਬਰੀ ਅਤੇ ਧਾਰਮਿਕ ਆਜ਼ਾਦੀ ਲਈ 18-ਵੀਂ ਸਦੀ ਵਿਚ ਜਾ ਕੇ ਆਵਾਜ਼ ਉਠਾਈ। ਫਿਰ ਫ੍ਰਾਂਸ ਵਿਚ ਮਨੁੱਖੀ ਆਜ਼ਾਦੀ ਵਾਸਤੇ ਇਨਕਲਾਬ ਆਇਆ ਜਿਸ ਤੋਂ ਬਾਅਦ ਯੂਰਪ ਵਿਚ ਸਵਿੱਟਜ਼ਰਲੈਂਡ ਦੇ ਰੂਸੋ (Rousseau) ਅਤੇ ਨੀਦਰਲੈਂਡ ਦੇ ਸਪਾਈਨੋਜ਼ਾ (Spinoza) ਨੇ ਰਜਵਾੜਿਆਂ ਅਤੇ ਧਰਮ-ਅਸਥਾਨਾਂ ਦੇ ਚੌਧਰੀਆਂ ਖਿਲਾਫ ਲਿਖਿਆ। ਦੋ ਵਿਸ਼ਵ-ਯੁੱਧ (1914-18 ਅਤੇ 1939-45 ਵਿਚ) ਹੋਏ।

ਦੁਨੀਆਂ ਵਿਚ ਭਾਈਚਾਰਕ ਸਾਂਝ ਕਾਇਮ ਕਰਨ ਦੇ ਮਨੋਰਥ ਨਾਲ 'ਸੰਯੁਕਤ-ਰਾਸ਼ਟ੍ਰ' ਸੰਸਥਾ ਬਣਾਈ ਗਈ। ਇਸ ਸੰਸਥਾ ਨੇ 1948 ਵਿਚ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਇੱਕ ਐਲਾਨ ਪੱਤਰ (UN Charter of Human Rights) ਬਣਾਇਆ। ਗੁਰੂ ਤੇਗ ਬਹਾਦਰ ਸਾਹਿਬ ਨੇ ਇਨ੍ਹਾਂ ਸਾਰੇ ਮੁੱਢਲੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੀਸ ਕੁਰਬਾਨ ਕੀਤਾ ਸੀ; ਨਿਆਂ ਦੀ ਆਸ ਨੂੰ ਜੀਵਤ ਰੱਖਣ ਲਈ।

ਰਾਗੁ ਗਉੜੀ ਮਹਲਾ 9 ॥

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥1॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥1॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥2॥1॥

ਗੁਰੂ ਸਾਹਿਬ ਨੇ ਇਸ ਸ਼ਬਦ ਰਾਹੀਂ ਨਿਰਵਾਣ, ਮੁਕਤੀ ਅਤੇ ਬੈਰਾਗ ਦਾ ਸਹੀ ਮਾਰਗ ਦੱਸਿਆਂ ਹੈ। ਸਨਿੰਆਸੀਆਂ ਵਾਂਗ ਜੰਗਲਾਂ ਜਾਂ ਪਹਾੜਾਂ ਦੀਆਂ ਗੁਫਾਵਾਂ ਵਿਚ ਨਹੀਂ ਗਏ। ਬਲਕਿ ਗ੍ਰਹਸਥੀਆਂ ਵਾਲਾ ਜੀਵਨ ਬਤੀਤ ਕਰਦਿਆਂ ਹੋਇਆਂ, ਆਪਣੇ ਸਾਰੇ ਫਰਜ਼ ਨਿਭਾਉਂਦੇ ਹੋਏ ਉਨ੍ਹਾਂ ਨੇ ਸੰਸਾਰ ਵਿਚ ਰਹਿੰਦਿਆਂ ਸੰਸਾਰ ਤੋਂ ਬੈਰਾਗ ਧਾਰਣ ਕੀਤਾ। ਉਨ੍ਹਾਂ ਨੇ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ (ਬਿਖਿਆ) ਦੇ 'ਤਿਆਗ' ਦਾ ਉਪਦੇਸ਼ ਦਿੱਤਾ ਹੈ।

ਉਹ ਤਿਆਗੀ ਸਨ ਪਰ ਨਿਰਾਸ਼ਾ-ਵਾਦੀ ਨਹੀਂ।

## *We are proud of them*




**Dr Raja Balraj Singh - ASTech Award**

ਡਾ. ਰਾਜਾ ਬਲਰਾਜ ਸਿੰਘ ਨੂੰ ASTech Awards ਦੁਆਰਾ precision medicine, AI.-ਸੰਚਾਲਿਤ ਡਾਇਗਨੋਸਟਿਕਸ, ਅਤੇ translational health innovation ਵਿੱਚ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ ਮਾਨਤਾ ਪ੍ਰਾਪਤ ਹੋਈ। ਉਨ੍ਹਾਂ ਦੇ ਯਤਨਾਂ ਨੇ ਅਲਬਰਟਾ ਅਤੇ ਇਸ ਤੋਂ ਬਾਹਰ ਨਿੱਜੀ ਸਿਹਤ ਸੰਭਾਲ ਨੂੰ ਕਾਫ਼ੀ ਅੱਗੇ ਵਧਾਇਆ ਹੈ।

**Precision Medicine & Genomics Leadership**

- **Chief Scientific Officer at BioAro Inc.** and **VP of Research Innovation at CardiAI Inc.**, Dr. Singh leads initiatives that integrate genomics, epigenetics, and pharmacogenomics into clinical practice.
- He has developed platforms for **early-stage diagnostic tools**, including **point-of-care (POC) devices** that leverage AI and machine learning to detect disease markers rapidly and accurately.
-

**AI and Quantum Integration in Healthcare**

- Dr. Singh is a pioneer in applying AI/ML and quantum computing to health data, enabling more precise and scalable diagnostic models.
- His work supports big data **i**ntegration for clinical decision-making, enhancing outcomes in cardiology, oncology, and chronic diseases.

**Translational Research & Commercialization**

- He has led Pan-Canadian Academic Consortia and start-up incubators focused on translating lab-based innovations into market-ready healthcare solutions.
- His strategic initiatives have built infrastructure for clinical trials, HQP (Highly Qualified Personnel) training, and technology commercialization.

**Academic Impact**

- With over 8,000 citations and an h-index of 37, Dr. Singh's research spans toxicology, chronobiology, and cardiovascular health.
- Notable publications include studies on toxic metals and human health, and biological cycles linked to myocardial infarctions, reflecting his multidisciplinary expertise.

**Most Cited Research Papers**

Dr. Singh's top-cited publications reflect his multidisciplinary expertise:

- **"Effect of toxic metals on human health"**
  Cited over 500 times, explores the physiological and pathological impacts of heavy metals like lead, cadmium, and mercury on human health. It highlights mechanisms of toxicity and links to chronic diseases such as cancer and cardiovascular disorders.
-

- **“Cross-spectrally coherent biological and physical cycles”**
  This study investigates 10.5- and 21-year biological rhythms and their correlation with magnetic storms and myocardial infarctions. It is a foundational work in chronobiology, emphasizing environmental influences on cardiac events.
- 
- **“Mechanisms of Cardiac Dysfunction and Sarcolemmal Na+-K+-ATPase Activity”**
  His Ph.D. research at the University of Manitoba delved into ischemia-reperfusion injury and cardiac ion transport, gives better understanding of heart failure mechanisms.

## Shaping Alberta’s Biotech Ecosystem

Dr. Singh plays a pivotal role in advancing Alberta’s biotech landscape through leadership, innovation, and inclusivity:

- **Leadership at BioAro and CardiAI**
  He spearheads the development of AI-powered diagnostic platforms like *PanOmiQ*, which enables ultrafast Whole Genome Sequencing (WGS) analysis—reducing processing time to under two hours.
- **Infrastructure and Commercialization**
  His efforts have catalyzed the commercialization of point-of-care (POC) diagnostics and AI-integrated health tools across Alberta.
- **Global Recognition**
  His work has been showcased at international platforms like the Precision Medicine World Conference and the Global Innovation Summit, positioning Alberta as a leader in precision health and AI-driven biotech.

Source:

Global Innovation Summit Profile

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)


| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਐਡੀਟੋਰੀਅਲ ਬੋਰਡ




ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ